WWW.AKJ.ORG

ੴ

ਗੁਰਸਿਖ ਮੀਤ ਚਲਹੁ ਗੁਰ ਚਾਲੀ

# ਦਸਵੰਧ

**ਦਸ ਨਖ ਕਰ ਜੋ ਕਾਰ ਕਮਾਵੈ,**
**ਤਾਂ ਕਰ ਜੋ ਧਨ ਘਰ ਮੈ ਆਵੈ,**
**ਤਿਸ ਤੇ ਗੁਰੁ ਦਸੌਂਧ ਜੇ ਦੇਈ,**
**ਸਿੰਘ ਸੁ ਯਸ ਬਹੁ ਜਗ ਮਹਿ ਲੇਈ॥**

(ਰਹਿਤਨਾਮਾ ਭਾਈ ਦੇਸਾ ਸਿੰਘ ਜੀ)

## ਤੱਤਕਰਾ


| | | |
|---|---|---|
| ੧. ਦਸਵੰਧ | ਪ੍ਰੋ. ਹਰਬੰਸ ਸਿੰਘ ਜੀ ਲੁਧਿਆਣਾ | 1 |
| ੨. ਗਾਵਿਆ ਸੁਣਿਆ ਤਿਨ ਕਾ... | ਸ. ਚੰਚਲ ਸਿੰਘ | |
| ਜਿਨ ਸਤਿਗੁਰ ਕੀ ਆਗਿਆ... | ਸਪੈਸ਼ਲ ਐਗਜ਼ੈਕਟਿਵ ਮੈਜਿਸਟ੍ਰੇਟ | 8 |
| ੩. ਬਾਬਾ ਰਾਮ ਸਿੰਘ ਜੀ ਦਾ ਉਪਕਾਰ | ਭਾਈ ਸਾਹਿਬ ਰਣਧੀਰ ਸਿੰਘ ਜੀ | 16 |


ਬਾਬੇ ਕੇ ਬਾਬਰ ਕੇ ਦੋਊ॥
ਆਪ ਕਰੇ ਪਰਮੇਸਰ ਸੋਊ॥
ਦੀਨ ਸ਼ਾਹ ਇਨ ਕੋ ਪਹਿਚਾਨੋ॥
ਦੁਨੀ ਪੱਤਿ ਉਨ ਕੌ ਅਨੁਮਾਨੋ॥੯॥
ਜੋ ਬਾਬੇ ਕੇ ਦਾਮ ਨ ਦੈਹੈਂ॥
ਤਿਨ ਤੇ ਗਹਿ ਬਾਬਰ ਕੇ ਲੈਹੈਂ॥
ਦੈ ਦੈ ਤਿਨ ਕੋ ਬਡੀ ਸਜਾਇ॥
ਪੁਨਿ ਲੈਹੈਂ ਗ੍ਰਿਹਿ ਲੂਟ ਬਨਾਇ॥੧੦॥

(ਬਚਿੱਤ੍ਰ ਨਾਟਕ)

ਜਪਜੀ ਅਰਥ ਵਿਚਾਰਨ ਕਰੋ,
ਸ੍ਵਾਸ ਸ੍ਵਾਸ ਅੰਤਰ ਨਿਤ ਧਰੋ।
ਜੋ ਅਪਨੀ ਕਛੁ ਕਰਹੁ ਕਮਾਈ,
ਗੁਰੁਹਿਤ ਦਿਹੁ ਦਸਵੰਧ ਬਨਾਈ।

(ਸੂਰਯ ਪ੍ਰਕਾਸ਼, ਭਾਈ ਸੰਤੋਖ ਸਿੰਘ ਜੀ)

ਨਾਮ ਜਪੋ, ਧਰਮ ਦੀ ਕਿਰਤ ਕਰੋ,
ਵੰਡ ਕੇ ਛਕੋ।

WWW.AKJ.ORG

WWW.AKJ.ORG

# ਦਸਵੰਧ

(ਪ੍ਰੋ: ਹਰਬੰਸ ਸਿੰਘ ਜੀ, ਲੁਧਿਆਣਾ)

ਧਰਮ ਦੀ ਕਿਰਤ ਕਰਕੇ ਕਮਾਏ ਧਨ ਅਥਵਾ ਹੱਕ ਹਲਾਲ ਦੀ ਕਮਾਈ ਦਾ ਦਸਵਾਂ ਹਿੱਸਾ (੧੦ ਪਰਸੈਂਟ, ਦਸ ਫ਼ੀਸਦੀ ਜਾਂ ੧/੧੦ ਭਾਗ) ਗੁਰੂ ਕੀ ਗੋਲਕ ਅਥਵਾ ਦਸਵੰਧ ਪਾਤਰ ਵਿਚ ਪਾਉਣ ਦਾ ਨਾਉਂ ਦਸਵੰਧ ਹੈ।

ਗੁਰੂ ਸਾਹਿਬਾਨ ਦੇ ਵੇਲੇ ਆਵਾਜਾਈ ਦੇ ਸਾਧਨ ਬਹੁਤ ਘੱਟ ਸਨ। ਹਵਾਈ ਜਹਾਜ਼, ਰੇਲ ਤੇ ਮੋਟਰ ਗੱਡੀਆਂ ਉਦੋਂ ਨਹੀਂ ਸਨ ਹੁੰਦੀਆਂ। ਵਧੇਰੇ ਕਰਕੇ ਲੋਕੀਂ ਪੈਦਲ ਹੀ ਸਫ਼ਰ ਕਰਿਆ ਕਰਦੇ ਸਨ। ਘੋੜੇ, ਖੱਚਰਾਂ, ਹਾਥੀ, ਊਂਠ, ਟਾਂਗੇ, ਬੈਲ ਗੱਡੀਆਂ, ਊਂਠ ਗੱਡੀ, ਰੱਥ ਅਤੇ ਪਾਲਕੀਆਂ ਆਦਿ ਹੀ ਸਵਾਰੀ ਦੇ ਸਾਧਨ ਸਨ। ਹਰ ਗੁਰੂ ਕੇ ਸਿੱਖ ਨੂੰ ਆਪਣੀ ਕਿਰਤ ਕਮਾਈ ਵਿੱਚੋਂ ਧਰਮ ਅਰਥ ਦਸਵੰਧ ਦੇਣਾ ਲਾਜ਼ਮੀ ਸੀ। ਗੁਰੂ ਕੇ ਸਿੱਖ ਜਿਣਸ ਜਾਂ ਪੈਸੇ ਦੇ ਰੂਪ ਵਿਚ ਆਪੋ ਆਪਣਾ ਦਸਵੰਧ ਆਪਣੇ ਇਲਾਕੇ ਦੇ ਮੁਖੀਆਂ ਅਥਵਾ ਮਸੰਦਾਂ ਕੋਲ ਜਮ੍ਹਾਂ ਕਰਵਾ ਦਿੰਦੇ ਸਨ ਅਤੇ ਮੁਖੀਏ ਸਿੱਖ ਸਾਰੀ ਰਸਦ ਤੇ ਪੂੰਜੀ ਇਕੱਠੀ ਕਰਕੇ ਗੁਰੂ ਦਰਬਾਰ ਪਹੁੰਚਾ ਦਿੰਦੇ ਸਨ। ਇਸ ਤਰ੍ਹਾਂ ਦਸਵੰਧ ਨਾਲ ਗੁਰੂ ਕੇ ਲੰਗਰ ਚਲਦੇ ਸਨ ਅਤੇ ਪੰਥਕ ਲੋੜਾਂ ਪੂਰੀਆਂ ਹੁੰਦੀਆਂ ਸਨ।

ਸ੍ਰੀ ਗੁਰੂ ਨਾਨਕ ਦੇਵ ਜੀ ਆਪਣੀ ਆਯੂ ਦੇ ਪਿਛਲੇ ਸਾਲਾਂ ਵਿੱਚ ਕਰਤਾਰਪੁਰ(ਦਰਿਆ ਰਾਵੀ ਨੇੜੇ) ਆ ਟਿਕੇ। ਸਿੱਖ ਸੰਗਤਾਂ ਕਰਤਾਰਪੁਰ ਜਾਣ ਲੱਗ ਪਈਆਂ ਅਤੇ ਆਪਣੀਆਂ ਭੇਟਾਵਾਂ ਉਥੇ ਜਾ ਕੇ ਅਰਪਨ ਕਰਨ ਲੱਗ ਪਈਆਂ। ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਬਾਅਦ ਸ੍ਰੀ ਗੁਰੂ ਅੰਗਦ ਦੇਵ ਜੀ ਖਡੂਰ ਸਾਹਿਬ ਆ ਟਿਕੇ ਅਤੇ ਸ੍ਰੀ ਗੁਰੂ ਅਮਰਦਾਸ ਜੀ ਨੇ ਗੁਰੂ ਪਦਵੀ ਮਿਲਣ ਉਪਰੰਤ ਗੋਇੰਦਵਾਲ ਸਾਹਿਬ ਨੂੰ ਆਪਣਾ ਪ੍ਰਚਾਰ ਕੇਂਦਰ ਬਣਾ ਲਿਆ। ਸ੍ਰੀ ਗੁਰੂ ਰਾਮਦਾਸ ਜੀ ਨੇ *"ਗੁਰੂ ਕਾ ਚੱਕ"* (ਅੰਮ੍ਰਿਤਸਰ) ਆਣ ਵਸਾਇਆ ਅਤੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਹਰਿਮੰਦਰ ਸਾਹਿਬ ਦੀ ਉਸਾਰੀ ਕਰਵਾ ਦਿੱਤੀ। ਸ੍ਰੀ ਅੰਮ੍ਰਿਤਸਰ ਵਿਖੇ ਹੀ "ਪੋਥੀ ਸਾਹਿਬ" (ਸ੍ਰੀ ਗੁਰੂ ਗ੍ਰੰਥ ਸਾਹਿਬ) ਲਿਖਵਾਈ ਗਈ ਅਤੇ ਹਰਿਮੰਦਰ ਸਾਹਿਬ ਵਿਖੇ ਪ੍ਰਕਾਸ਼ ਕੀਤਾ ਗਿਆ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਹਰਿਮੰਦਰ ਸਾਹਿਬ ਦੇ ਸਾਹਮਣੇ ਸ੍ਰੀ ਅਕਾਲ ਤਖ਼ਤ ਦੀ ਉਸਾਰੀ ਕਰਵਾਈ ਅਤੇ ਬਾਅਦ ਵਿੱਚ ਕੀਰਤਪੁਰ



ਸਾਹਿਬ (ਜ਼ਿਲਾ ਰੋਪੜ) ਆ ਟਿਕੇ। ਸ੍ਰੀ ਗੁਰੂ ਹਰਿਰਾਏ ਸਾਹਿਬ ਦਾ ਪ੍ਰਚਾਰ ਕੇਂਦਰ ਕੀਰਤਪੁਰ ਸਾਹਿਬ ਹੀ ਰਿਹਾ ਅਤੇ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਆਪਣੇ ਅੰਤਲੇ ਸਮੇਂ ਕੀਰਤਪੁਰ ਤੋਂ ਦਿੱਲੀ ਚਲੇ ਗਏ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਬਾਬੇ ਬਕਾਲੇ ਤੋਂ ਕੀਰਤਪੁਰ ਸਾਹਿਬ ਆ ਗਏ, ਉਨ੍ਹਾਂ ਨੇ ਮਾਖੋਵਾਲ ਪਿੰਡ ਦੀ ਜ਼ਮੀਨ ਖ਼ਰੀਦ ਕੇ ਅਨੰਦਪੁਰ ਵਸਾ ਦਿੱਤਾ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਉਮਰ ਦੇ ਵਧੇਰੇ ਸਾਲ ਅਨੰਦਪੁਰ ਸਾਹਿਬ ਹੀ ਬਿਤਾਏ ਅਤੇ ਬਾਅਦ ਵਿੱਚ ਉਹ ਦਮਦਮੇ ਸਾਹਿਬ (ਮਾਲਵਾ) ਆ ਟਿਕੇ। ਜਿੱਥੇ ਜਿੱਥੇ ਵੀ ਗੁਰੂ ਸਾਹਿਬਾਨ ਨੇ ਆਪਣੇ ਟਿਕਾਣੇ ਬਣਾਏ ਸਿੱਖ ਸੰਗਤਾਂ ਆਪਣੀਆਂ ਭੇਟਾਵਾਂ ਗੁਰੂ ਚਰਨਾਂ ਵਿੱਚ ਅਰਪਨ ਕਰਦੀਆਂ ਰਹੀਆਂ, ਮੁਖੀਏ ਸਿੱਖ (ਮਸੰਦ) ਆਪੋ ਆਪਣੇ ਇਲਾਕਿਆਂ ਵਿਚੋਂ ਦਸਵੰਧ ਇਕੱਠਾ ਕਰਕੇ, ਗੁਰੂ ਦਰਬਾਰ ਪਹੁੰਚਾਉਂਦੇ ਰਹੇ।

ਗੁਰੂ ਦੇ ਸਿਦਕੀ ਸਿੱਖਾਂ ਨੇ ਆਪਣੇ ਘਰਾਂ ਵਿੱਚ ਹੀ ਗੋਲਕਾਂ ਰੱਖਣੀਆਂ ਅਰੰਭ ਕਰ ਦਿੱਤੀਆਂ ਅਤੇ ਦਸਵੰਧ ਦੀ ਰਕਮ ਉਨ੍ਹਾਂ ਵਿੱਚ ਪਾਉਣ ਲੱਗ ਪਏ। ਜਦੋਂ ਗੋਲਕ ਭਰ ਜਾਂਦੀ ਤਾਂ ਉਹ ਗੋਲਕ ਦੀ ਸਾਰੀ ਰਕਮ ਖ਼ੁਦ ਆਪ ਜਾਂ ਮੁਖੀਏ ਸਿੱਖਾਂ ਰਾਹੀਂ ਗੁਰੂ ਦਰਬਾਰ ਪਹੁੰਚਾ ਦਿੰਦੇ।

ਗੁਰੂ ਦੇ ਸਿੱਖਾਂ ਵਾਸਤੇ ਗੋਲਕ ਰੱਖਣੀ ਅਥਵਾ ਦਸਵੰਧ ਦੇਣਾ ਜ਼ਰੂਰੀ ਸੀ ਅਤੇ ਅੱਜ ਵੀ ਜ਼ਰੂਰੀ ਹੈ। ਇਸ ਸਬੰਧੀ ਗੁਰੂ ਦਾ ਆਦੇਸ਼ ਇਉਂ ਹੈ:-

> ਦਸ ਨਖ ਕਰ ਜੋ ਕਾਰ ਕਮਾਵੈ,
> ਤਾਂ ਕਰ ਜੋ ਧਨ ਘਰ ਮੈਂ ਆਵੈ।
> ਤਿਸ ਤੇ ਗੁਰ ਦਸੌਂਧ ਜੋ ਦੇਈ,
> ਸਿੰਘ ਸੁ ਯਸ ਬਹੁ ਜਗ ਮਹਿ ਲੇਈ॥
>
> (ਰਹਿਤਨਾਮਾ ਭਾਈ ਦੇਸਾ ਸਿੰਘ ਜੀ)

ਭਾਈ ਚੌਪਾ ਸਿੰਘ ਜੀ ਦੇ ਰਹਿਤਨਾਮੇ ਵਿਚ ਇਉਂ ਲਿਖਿਆ ਹੈ -

> ਗੁਰੂ ਕਾ ਸਿੱਖ ਧਰਮ ਕਿਰਤ ਦੇ ਨਫ਼ੇ ਵਿਚੋਂ ਗੁਰੂ ਅਰਥ ਦਸਵੰਧ ਦੇਵੇ।

"ਪ੍ਰੇਮ ਸੁਮਾਰਗ" ਪੁਸਤਕ ਵਿੱਚ ਦਸਵੰਧ ਬਾਰੇ ਇਉਂ ਜ਼ਿਕਰ ਆਉਂਦਾ ਹੈ-

> ਪਰਾਏ ਦਰਬ ਕਾ ਅੰਗੀਕਾਰ ਨਾ ਕਰੈ,



WWW.AKJ.ORG

WWW.AKJ.ORG

ਧਰਮ ਕੀ ਕਿਰਤ ਕਰ ਵੰਡ ਖਾਏ।
ਦਾਤਾ ਗੁਰੂ ਬਾਬਾ ਅਕਾਲ ਪੁਰਖ ਹੈ।

ਆਪਨੇ ਸਿੱਖਾਂ ਵਾਸਤੇ ਗੁਰੂ ਦਾ ਉਪਦੇਸ਼ ਇਉਂ ਹੈ –

(ੳ) ਨਾਮ ਜਪਣਾ,
(ਅ) ਧਰਮ ਦੀ ਕਿਰਤ ਕਰਨੀ ਅਤੇ
(ੲ) ਵੰਡ ਛਕਣਾ।

ਇਹ ਸਿੱਖੀ ਜੀਵਨ ਦੇ ਤਿੰਨ ਥੰਮ੍ਹ ਹਨ। ਬੋਝ ਚੁੱਕਣ ਵਾਲੀ ਤਿੰਨ ਟੰਗੀ (Tri pod) ਦੀਆਂ ਤਿੰਨ ਲੱਤਾਂ ਹੁੰਦੀਆਂ ਹਨ। ਤਿੰਨ ਟੰਗੀ ਦੀ ਜੇ ਇਕ ਲੱਤ ਵੀ ਨੁਕਸਦਾਰ ਹੋਵੇ ਤਾਂ ਚੇਨ–ਕੁੱਪੀ (Chain & Pully block) ਉੱਪਰ ਥੱਲੇ ਭਾਰ ਚੜ੍ਹਾ ਉਤਾਰ ਨਹੀਂ ਸਕੇਗੀ। ਗੁਰੂ ਕੇ ਸਿੱਖ ਵਾਸਤੇ ਧਰਮ–ਕਰਮ ਦੀਆਂ ਤਿੰਨੋਂ ਹੀ ਟੰਗਾਂ ਮਜ਼ਬੂਤ ਹੋਣੀਆਂ ਚਾਹੀਦੀਆਂ ਹਨ; ਤਾਹੀਓਂ ਹੀ ਇਸ ਦੀ ਹਰ ਮੈਦਾਨ ਫ਼ਤਹ ਹੋਵੇਗੀ ਅਤੇ ਬੋਲਬਾਲੇ ਹੋਣਗੇ। ਜੇ ਗੁਰੂ ਕਾ ਸਿੱਖ ਨਾਮ ਨਹੀਂ ਜਪਦਾ ਤਾਂ ਉਸ ਨੂੰ ਗੁਰੂ ਦੇ ਹੇਠਲੇ ਸ਼ਬਦਾਂ ਵੱਲ ਧਿਆਨ ਦੇਣਾ ਚਾਹੀਦਾ ਹੈ –

ਧ੍ਰਿਗੁ ਜੀਵਣੁ ਸੰਸਾਰ ਸਚੇ ਨਾਮ ਬਿਨੁ॥

(ਪੰਨਾ ੯੫੬)

ਜੇ ਗੁਰੂ ਕਾ ਸਿੱਖ ਕਿਰਤ ਕਰਦਾ ਹੈ, ਪਰ ਦਸਵੰਧ ਨਹੀਂ ਦੇਂਦਾ, ਵੰਡ ਨਹੀਂ ਛਕਦਾ ਤਾਂ ਸਮਝੋ ਉਸਦੀ ਇੱਕ ਟੰਗ ਜਾਂਦੀ ਲੱਗੀ।

ਪਰ ਜੇ ਕੋਈ ਕਿਰਤ ਨਹੀਂ ਕਰਦਾ ਤਾਂ ਵੰਡ ਕੇ ਕੀ ਖਾਏਗਾ, ਦਸਵੰਧ ਕਿਥੋਂ ਦੇਵੇਗਾ? ਵੇਹਲੜ ਤੇ ਮਖੱਟੂ ਬੰਦੇ ਦੀਆਂ ਤਾਂ ਦੋ ਟੰਗਾਂ ਜਾਂਦੀਆਂ ਲੱਗੀਆਂ। ਉਸ ਦੀ ਝਾਕ ਤਾਂ ਗੋਲਕ ਤੇ ਹੀ ਟਿਕੀ ਰਹੇਗੀ ਕਿ ਕਿਸ ਚਲਾਕੀ ਤੇ ਹੇਰਾ ਫੇਰੀ ਨਾਲ ਗੋਲਕ ਨੂੰ ਆਪਣੇ ਵੱਸ ਕਰਾਂ ਅਤੇ ਦੂਜਿਆਂ ਦੀ ਕਮਾਈ ਨੂੰ ਹੜੱਪ ਕਰਾਂ। ਅਜੇਹਾ ਆਦਮੀ ਤੇ ਨਾਮ ਵੀ ਨਹੀਂ ਜਪ ਸਕੇਗਾ ਭਾਵੇਂ ਲੋਕਾਂ ਨੂੰ ਚਿੱਟੇ ਚੋਗੇ ਪਾ ਕੇ ਜਿੰਨੇ ਮਰਜ਼ੀ ਚਲਿੱਤਰ ਕਰਕੇ ਦਿਖਾਉਂਦਾ ਫਿਰੇ। ਅਜੇਹਾ ਪੁਰਸ਼ ਬਗਲਾ ਭਗਤ ਤਾਂ ਬੇਸ਼ਕ ਬਣ ਜਾਵੇ ਪਰ ਸਚਿਆਰ ਸਿੱਖ ਹੋਣ ਦੀ ਪਦਵੀ ਤੇ ਨਹੀਂ ਪੁੱਜ ਸਕਦਾ, ਖੋਟੇ ਦਾ ਖੋਟਾ ਹੀ ਰਹੇਗਾ, ਸ਼ਹੁ ਦੇ ਖਜ਼ਾਨੇ ਨਹੀਂ ਪੈ ਸਕੇਗਾ, ਖੋਟਾ ਬਾਹਰ ਹੀ ਸੁਟਿਆ ਜਾਏਗਾ, ਉਸਨੂੰ ਕਿਧਰੇ ਵੀ ਕੋਈ ਥਾਂ ਨਹੀਂ ਮਿਲੇਗੀ।



ਸਤਿਗੁਰੂ ਜੀ ਨੇ ਇਉਂ ਹੀ ਕਿਹਾ ਹੈ –

ਖਰੇ ਖਜਾਨੈ ਪਾਈਅਹਿ ਖੋਟੇ ਸਟੀਅਹਿ ਬਾਹਰ ਵਾਰਿ॥

(ਪੰਨਾ ੧੪੩)

ਹਰ ਗੁਰਸਿੱਖ ਵਾਸਤੇ ਗੁਰੂ ਦਾ ਹੁਕਮ "ਧਰਮ" ਅਥਵਾ ਦਸਾਂ ਨਹੁੰਆਂ ਦੀ ਕਿਰਤ ਕਰਨੀ ਅਤੇ ਆਪਣੀ ਕਿਰਤ ਕਮਾਈ ਦਾ ਘਟੋ ਘੱਟ ਦਸਵਾਂ ਹਿੱਸਾ ਗੁਰੂ ਦੁਆਰ ਅਰਪਨ ਕਰਨ ਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਫੁਰਮਾਨ ਹੈ –

ਘਾਲਿ ਖਾਇ ਕਿਛੁ ਹਥਹੁ ਦੇਇ॥
ਨਾਨਕ ਰਾਹੁ ਪਛਾਣਹਿ ਸੇਇ॥

(ਪੰਨਾ ੧੨੪੫)

ਸਤਿ ਧਰਮ ਦੇ ਰਾਹ ਅਥਵਾ ਨਿਰਮਲ (ਖ਼ਾਲਸਾ) ਪੰਥ ਦੀ ਸਾਰ ਉਸ ਨੂੰ ਹੀ ਪਵੇਗੀ ਜਿਹੜਾ ਧਰਮ ਦੀ ਕਿਰਤ ਕਰਕੇ ਖਾਏਗਾ ਅਤੇ ਆਪਣੀ ਕਿਰਤ ਕਮਾਈ ਵਿੱਚੋਂ ਗ਼ਰੀਬਾਂ ਅਨਾਥਾਂ ਵਿੱਚ ਵੰਡ ਕੇ ਛਕੇਗਾ। ਵੰਡ ਕੇ ਛਕਣ ਦੀ ਪ੍ਰਥਾ ਨੂੰ ਪੱਕਿਆਂ ਕਰਨ ਵਾਸਤੇ ਹੀ *'ਦਸਵੰਧ'* ਦੀ ਰੀਤ ਚਲਾਈ ਗਈ ਨਜ਼ਰ ਆਉਂਦੀ ਹੈ। ਵੈਸੇ ਤਾਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਨਿਰਮਲ ਪੰਥ ਦੀ ਨੀਂਹ ਰੱਖਦਿਆਂ ਹੀ ਹੇਠ ਲਿਖੀ ਵੰਗਾਰ ਪਾਈ ਸੀ –

ਜਉ ਤਉ ਪ੍ਰੇਮ ਖੇਲਣ ਕਾ ਚਾਉ॥
ਸਿਰੁ ਧਰਿ ਤਲੀ ਗਲੀ ਮੇਰੀ ਆਉ॥
ਇਤੁ ਮਾਰਗਿ ਪੈਰੁ ਧਰੀਜੈ॥
ਸਿਰੁ ਦੀਜੈ ਕਾਣਿ ਨ ਕੀਜੈ॥

(ਪੰਨਾ ੧੪੧੨)

ਜਦ ਗੁਰੂ ਨੂੰ ਸੀਸ ਭੇਟ ਕਰ ਦਿੱਤਾ ਤਾਂ ਬਾਕੀ ਕੀ ਰਹਿ ਗਿਆ। ਗੁਰੂ ਅਮਰਦਾਸ ਜੀ ਨੇ ਵੀ ਇਉਂ ਹੀ ਕਿਹਾ ਸੀ –

ਤਨੁ ਮਨੁ ਧਨੁ ਸਭ ਸਉਪਿ ਗੁਰ ਕਉ ਹੁਕਮਿ ਮੰਨਿਐ ਪਾਈਐ॥

(ਅਨੰਦੁ ਸਾਹਿਬ)

ਜਦ ਸਿੱਖ ਆਪਣੇ ਗੁਰੂ ਦਾ ਹੁਕਮੀ ਬੰਦਾ ਹੀ ਬਣ ਗਿਆ, ਫੇਰ ਤਾਂ ਬੈ–ਖਰੀਦ ਲਾਲਾ ਗੋਲਾ ਹੋ ਗਿਆ। ਉਸ ਦਾ ਆਪਣਾ ਤਾਂ ਕੁੱਝ ਵੀ ਨਾ ਰਿਹਾ। ਤਨ ਵੀ ਗੁਰੂ


WWW.AKJ.ORG

WWW.AKJ.ORG

ਦਾ, ਮਨ ਨੂੰ ਵੀ ਨਕੇਲ ਪੈ ਗਈ ਅਤੇ ਧਨ ਤਾਂ ਹੈ ਹੀ ਦਾਤੇ ਦੀ ਦਾਤ। ਗੁਰੂ ਕੇ ਸਿੱਖ ਦਾ ਆਪਣਾ ਤਾਂ ਕੁੱਝ ਵੀ ਨਹੀਂ, ਸਭ ਕੁੱਝ ਗੁਰੂ ਦਾ ਹੀ ਹੈ। ਜਦ ਘਰ (ਸਰੀਰ) ਗੁਰੂ ਕੋਲ ਬੈ ਕਰ ਦਿੱਤਾ ਤਾਂ ਆਪਣਾ ਤਾਂ ਕੁੱਝ ਵੀ ਨਾ ਰਿਹਾ, ਮੇਰਾ ਘਰ ਦੀ ਥਾਂ *"ਤੇਰਾ ਘਰ"* ਬਣ ਗਿਆ। ਫਿਰ ਉਸ ਘਰ ਵਿਚ *"ਮਾਲਕ"* ਦਾ ਵਾਸ ਹੋ ਗਿਆ, ਕੁੱਲੀ ਨੂੰ ਭਾਗ ਲੱਗ ਗਏ, ਹਨ੍ਹੇਰ ਕੋਠੜੀ ਮਾਲਕ ਦੇ ਪ੍ਰਵੇਸ਼ ਕਰਨ ਨਾਲ ਜਗਮਗਾ ਉੱਠੀ, ਦੁਰਗੰਧ ਦੀ ਥਾਂ ਸੁਗੰਧ ਦੀਆਂ ਲਪਟਾਂ ਆਉਣ ਲੱਗ ਪਈਆਂ।

ਗੁਰੂ ਕੋਲ ਸੀਸ ਵੇਚਣ ਨਾਲ, ਗੰਦ ਦਾ ਭਰਿਆ ਸਰੀਰ ਰੂਪੀ ਭਾਂਡਾ ਸਵਾਰਿਆ ਗਿਆ, ਅੰਮ੍ਰਿਤ ਪੈਣ ਨਾਲ ਪਵਿੱਤਰ ਹੋ ਗਿਆ, ਖ਼ਾਲਸ ਬਣ ਗਿਆ, ਹਾਂ! ਹਾਂ! ਖ਼ਾਲਸਾ ਬਣ ਗਿਆ, ਆਪਣੇ ਗੁਰੂ ਦਾ ਖ਼ਾਸ ਰੂਪ ਹੋ ਗਿਆ।

ਬਖ਼ਸ਼ਿੰਦ ਸਤਿਗੁਰੂ ਨੇ ਐਲਾਨ ਕਰ ਦਿੱਤਾ –

ਖਾਲਸਾ ਮੇਰੋ ਰੂਪ ਹੈ ਖਾਸ॥ ਖਾਲਸੇ ਮਹਿ ਹੌ ਕਰੋਂ ਨਿਵਾਸ॥

ਆਪਣੀ ਪਵਿੱਤਰਤਾ ਨੂੰ ਬਰਕਰਾਰ ਰੱਖਣ ਵਾਸਤੇ ਸਤਿਗੁਰੂ ਜੀ ਨੇ ਆਪਣੇ ਸਿੱਖਾਂ ਵਾਸਤੇ ਕੁਝ ਕੰਮ ਕਰਨ ਅਤੇ ਕੁਝ ਦੀ ਮਨਾਹੀ ਕਰ ਦਿੱਤੀ ਤੇ ਇਨ੍ਹਾਂ ਨੂੰ ਰਹਿਤਾਂ ਤੇ ਕੁਰਹਿਤਾਂ ਵਿਚ ਵੰਡ ਦਿੱਤਾ। ਨਿਕਟ ਵਰਤੀ ਸਿੰਘਾਂ ਨੇ ਸਤਿਗੁਰੂ ਦੀਆਂ ਹਦਾਇਤਾਂ ਨੂੰ ਨੋਟ ਕਰ ਲਿਆ। ਸਤਿਗੁਰੂ ਦੀਆਂ ਹਦਾਇਤਾਂ *"ਰਹਿਤਨਾਮਾ"* ਅਤੇ *"ਤਨਖਾਹਨਾਮਾ"* ਦੇ ਨਾਵਾਂ ਨਾਲ ਜਾਣੀਆਂ ਜਾਣ ਲੱਗ ਪਈਆਂ। ਦਸਵੰਧ ਦੇਣ ਵਾਸਤੇ ਜਿੱਥੇ ਹਦਾਇਤ ਕੀਤੀ ਗਈ ਹੈ ਉਥੇ ਦਸਵੰਧ ਨਾ ਦੇਣ ਵਾਸਤੇ ਵੀ ਕਰੜੀ ਤਾੜਨਾ ਹੈ। ਭਾਈ ਨੰਦ ਲਾਲ ਸਿੰਘ ਵਾਲੇ ਤਨਖਾਹਨਾਮੇ ਵਿਚ ਦਸਵੰਧ (ਗੋਲਕ) ਸਬੰਧੀ ਇਹ ਕੁਝ ਲਿਖਿਆ ਹੋਇਆ ਹੈ –

(ੳ) ਦਸਵੰਧ ਗੁਰੂ ਨਹਿ ਦੇਵਹੀ, ਝੂਠ ਬੋਲ ਜੋ ਖਾਇ।
ਕਹੈ ਗੋਬਿੰਦ ਸਿੰਘ ਲਾਲ ਜੀ, ਤਿਸ ਕਾ ਕੁਛ ਨਾ ਬਿਸਾਹਿ॥
(ਅ) ਗੋਲਕ ਰਾਖੈ ਨਾਹਿ ਜੋ, ਛਲ ਕਾ ਕਰੈ ਵਪਾਰ।
ਕਹੈ ਗੋਬਿੰਦ ਸਿੰਘ ਲਾਲ ਜੀ, ਭੋਗੈ ਨਰਕ ਹਜ਼ਾਰ।

ਦਸਵੰਧ ਦੇਣ ਲਈ ਗੁਰੂ ਦੇ ਬਚਨ ਹਨ –

"ਸਿੰਘ ਸੁ ਯਸ ਬਹੁ ਜਗ ਮਹਿ ਲੇਈ"



ਅਤੇ ਨਾ ਦੇਣ ਵਾਲੇ ਨੂੰ –

"ਤਿਸ ਕਾ ਕਛੁ ਨ ਬਿਸਾਹਿ"

ਭਾਵ ਵਿਸ਼ਵਾਸਘਾਤੀ ਅਰ "ਭੋਗੈ ਨਰਕ ਹਜ਼ਾਰ" ਕਿਹਾ ਜਾਂਦਾ ਹੈ। ਝੂਠ ਬੋਲ ਦਸਵੰਧ ਹੜੱਪ ਕਰਨ ਵਾਲਾ ਗੁਰੂ ਤੋਂ ਬੇਮੁਖ ਹੋ ਜਾਂਦਾ ਹੈ। ਉਹ ਗੁਰੂ ਦੇ ਹੁਕਮ ਤੋਂ ਮੁਨਕਰ ਹੋ ਕੇ ਆਪਣੇ ਮਨ ਦੀ ਮਰਜ਼ੀ ਅਨੁਸਾਰ *"ਗੁਰੂ ਦੀ ਗੋਲਕ"* (ਦਸਵੰਧ) ਨੂੰ ਚੁਰਾਉਂਦਾ ਹੈ। ਉਸ ਦੀ ਬਿਰਤੀ ਮਨਮੁਖਾਂ ਵਾਲੀ ਹੋ ਜਾਂਦੀ ਹੈ। ਅਜੇਹੇ ਬੰਦਿਆਂ ਸੰਬੰਧੀ ਸਤਿਗੁਰੂ ਜੀ ਫੁਰਮਾਉਂਦੇ ਹਨ –

ਮਨਮੁਖਿ ਆਵੈ ਮਨਮੁਖਿ ਜਾਵੈ॥ ਮਨਮੁਖਿ ਫਿਰਿ ਫਿਰਿ ਚੋਟਾ ਖਾਵੈ॥
ਜਿਤਨੇ ਨਰਕ ਸੇ ਮਨਮੁਖਿ ਭੋਗੈ ਗੁਰਮੁਖਿ ਲੇਪੁ ਨ ਮਾਸਾ ਹੇ॥

ਸੰਸਾਰ ਵਿਚ ਜਿੰਨੇ ਲੜਾਈ ਝਗੜੇ, ਦੁੱਖ ਤਕਲੀਫ਼ਾਂ ਹਨ ਉਹ ਮਨ ਮਗਰ ਲੱਗ ਕੇ ਹੀ ਪੈਦਾ ਹੁੰਦੀਆਂ ਹਨ। ਜਦੋਂ ਅਸੀਂ ਗੁਰੂ ਦੀ ਮੱਤ (ਗੁਰਮਤਿ) ਨੂੰ ਤਿਆਗ ਕੇ ਆਪਣੇ ਮਨ ਦੀ ਮੱਤ (ਮਨਮਤਿ) ਮਗਰ ਤੁਰ ਪੈਂਦੇ ਹਾਂ ਤਾਂ ਅਸੀਂ *"ਮੈਂ ਮੈਂ"* ਕਰਨ ਲੱਗ ਪੈਂਦੇ ਹਾਂ, ਸਾਨੂੰ *"ਹਉਮੈ"* ਦਾ ਰੋਗ ਚੰਬੜ ਜਾਂਦਾ ਹੈ ਅਤੇ ਗੁਰੂ ਤੋਂ ਦੂਰ ਹੋ ਜਾਂਦੇ ਹਾਂ। ਗੁਰੂ ਤੋਂ ਬੇਮੁੱਖ ਹੋਇਆਂ ਨੂੰ ਸੰਸਾਰ ਵਿਚ ਠੇਡੇ ਹੀ ਪੈਂਦੇ ਹਨ। ਸਤਿਗੁਰੂ ਜੀ ਕਹਿਦੇ ਹਨ –

ਸਤਿਗੁਰ ਤੇ ਜੋ ਮੁਹੁ ਫੇਰੇ ਓਇ ਭ੍ਰਮਦੇ ਨਾ ਟਿਕੰਨਿ॥
ਧਰਤਿ ਅਸਮਾਨੁ ਨ ਝਲਈ ਵਿਚਿ ਵਿਸਟਾ ਪਏ ਪਚੰਨਿ॥
(ਪੰਨਾ ੨੩੩)

ਦਸਵੰਧ ਨਾ ਦੇਣ ਵਾਲਿਆਂ ਵਾਸਤੇ *"ਬਚਿਤ੍ਰ ਨਾਟਕ"* (ਦਸਮ ਗ੍ਰੰਥ) ਵਿਚ ਇਉਂ ਲਿਖਿਆ ਹੋਇਆ ਹੈ –

ਜੋ ਬਾਬੇ ਕੋ ਦਾਮ ਨ ਦੈਹੈਂ,
ਤਿਨ ਤੇ ਗਹਿ ਬਾਬਰ ਕੈ ਲੈਹੈਂ।
ਦੈ ਦੈ ਤਿਨ ਕੋ ਬਡੀ ਸਜਾਇ,
ਪੁਨਿ ਲੈਹੈਂ ਗ੍ਰਹਿ ਲੂਟ ਬਨਾਇ।

ਗੁਰੂ ਸਾਹਿਬਾਨ ਦੇ ਵੇਲੇ ਹਿੰਦੋਸਤਾਨ ਤੇ ਮੁਗ਼ਲਾਂ ਦਾ ਰਾਜ ਸੀ। ਮੁਗ਼ਲਾਂ ਦਾ ਮੋਢੀ ਬਾਦਸ਼ਾਹ ਬਾਬਰ ਸੀ ਅਤੇ ਸਿੱਖਾਂ ਦਾ ਸਹਿਨਸ਼ਾਹ ਬਾਬਾ ਨਾਨਕ! ਮੁਗ਼ਲ ਬਾਦਸ਼ਾਹ



WWW.AKJ.ORG

WWW.AKJ.ORG

ਸਿੱਖਾਂ ਨਾਲ ਵੈਰ ਵਿਹਾਂਝਣ ਲੱਗ ਪਏ। ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਤੱਤੀਆਂ ਤਵੀਆਂ ਤੇ ਬਿਠਾਇਆ ਗਿਆ ਅਤੇ ਸੀਸ ਵਿੱਚ ਗਰਮ ਰੇਤਾ ਪਾਇਆ ਗਿਆ, ਛੇਵੇਂ ਪਾਤਸ਼ਾਹ ਗੁਰੂ ਹਰਿਗੋਬਿੰਦ ਸਾਹਿਬ ਨੇ ਜ਼ੁਲਮ ਦੇ ਖ਼ਿਲਾਫ਼ ਸ਼ਸ਼ਤਰ ਚੁੱਕ ਲਏ ਅਤੇ ਜ਼ਾਲਮਾਂ ਦਾ ਟਾਕਰਾ ਕਰਨ ਲੱਗ ਪਏ। ਨੌਵੇਂ ਸਤਿਗੁਰੂ ਤੇਗ ਬਹਾਦਰ ਜੀ ਨੂੰ ਦਿੱਲੀ ਵਿੱਚ ਸ਼ਹੀਦ ਕੀਤਾ ਗਿਆ ਅਤੇ ਦਸਵੇਂ ਪਾਤਸ਼ਾਹ ਦੀ ਤਾਂ ਸਾਰੀ ਉਮਰ ਹੀ ਮੁਗ਼ਲ ਹਕੂਮਤ ਨਾਲ ਲੋਹਾ ਲੈਂਦਿਆਂ ਦੀ ਗੁਜ਼ਰੀ। ਮੁਗ਼ਲ ਅਹਿਲਕਾਰ ਗ਼ਰੀਬ ਜਨਤਾ ਨੂੰ ਜਦ ਜੀ ਚਾਹੁਣ ਮਰੁੰਡ ਲੈਂਦੇ ਸਨ। ਉਹ ਹਰ ਥਾਂ ਧੱਕਾ ਕਰਦੇ ਸਨ। ਗੁਰੂ ਕੇ ਸਿੰਘ ਹੀ ਉਨ੍ਹਾਂ ਨਾਲ ਟੱਕਰ ਲੈਂਦੇ ਸਨ। ਅਜੇਹੀ ਲੁੱਟ ਖਸੁੱਟ ਸਮੇਂ ਸਿੱਖਾਂ ਵਿਚ ਇਹ ਧਾਰਨਾ ਬਣ ਗਈ ਸੀ ਕਿ ਜਿਹੜੇ ਸਿੱਖ "ਬਾਬੇ ਦੇ ਦਾਮ" (ਦਸਵੰਧ) ਨਹੀਂ ਦੇਣਗੇ ਉਨ੍ਹਾਂ ਦਾ ਧਨ ਦੌਲਤ ਮੁਗ਼ਲ ਜਰਵਾਣੇ (ਬਾਬਰ ਕੇ) ਲੁੱਟ ਖੋਹ ਕੇ ਲੈ ਜਾਣਗੇ। ਇਸ ਹੀ ਤੁੱਕ ਦਾ ਹਵਾਲਾ ਉੱਪਰ ਦਿੱਤਾ ਗਿਆ ਹੈ।

ਗੁਰੂ ਦੇ ਸਚਿਆਰ ਸਿੱਖਾਂ ਦਾ ਵੀ ਜੀਵਨ ਤਜਰਬਾ ਇਉਂ ਹੀ ਪ੍ਰਗਟ ਕਰਦਾ ਹੈ ਕਿ ਜਿਹੜੇ ਸਿੱਖ ਦਸਵੰਧ ਨਹੀਂ ਦਿੰਦੇ ਉਨ੍ਹਾਂ ਦਾ ਪੈਸਾ ਝਗੜੇ, ਦਾਵਿਆਂ (ਮੁਕੱਦਮਿਆਂ) ਅਤੇ ਬੀਮਾਰੀਆਂ ਤੇ ਹੀ ਖ਼ਰਚ ਹੁੰਦਾ ਹੈ। ਗੁਰੂ ਤੋਂ ਬੇਮੁੱਖ ਹੋ ਕੇ ਉਹ ਥਾਣਿਆਂ, ਕਚਹਿਰੀਆਂ ਅਤੇ ਹਸਪਤਾਲਾਂ ਵਿੱਚ ਹੀ ਧੱਕੇ ਖਾਂਦੇ ਹਨ। ਆਪਣੀ ਕਮਾਈ ਦਾ ਦਸਵਾਂ ਹਿੱਸਾ ਤਾਂ ਉਹ ਧਰਮ ਅਰਥ ਨਹੀਂ ਦਿੰਦੇ ਪਰ ਦਸ ਗੁਣਾਂ ਦੰਡ ਜ਼ਰੂਰ ਭਰਦੇ ਹਨ। ਇਸ ਤੋਂ ਉਲਟ ਜਿਹੜੇ ਗੁਰਮੁਖ ਪਿਆਰੇ ਦਸਵੰਧ ਦੀ ਕੌਡੀ ਵੀ ਆਪਣੇ ਕੋਲ ਨਹੀਂ ਰੱਖਦੇ ਉਨ੍ਹਾਂ ਨੂੰ ਕੋਈ ਆਧੀ, ਬਿਆਧੀ, ਉਪਾਧੀ ਤੰਗ ਨਹੀਂ ਕਰਦੀ, ਸਤਿਗੁਰੂ ਉਨ੍ਹਾਂ ਦੇ ਅੰਗ ਸੰਗ ਰਹਿੰਦਾ ਹੈ, ਉਨ੍ਹਾਂ ਨੂੰ ਕਿਸੇ ਗੱਲ ਦਾ ਤੋਟਾ ਨਹੀਂ ਆਉਂਦਾ ਅਤੇ ਉਹ ਅਨੰਦ ਮਈ ਜੀਵਨ ਬਤੀਤ ਕਰਦੇ ਹਨ।



# ਗਾਵਿਆ ਸੁਣਿਆ ਤਿਨ ਕਾ ਹਰਿ ਥਾਇ ਪਾਵੈ, ਜਿਨ ਸਤਿਗੁਰ ਕੀ ਆਗਿਆ ਸਤਿ ਸਤਿ ਕਰਿ ਮਾਨੀ॥

(ਸ੍ਰ: ਚੰਚਲ ਸਿੰਘ, ਸਪੈਸ਼ਲ ਐਗਜ਼ੈਕਟਿਵ ਮੈਜਿਸਟ੍ਰੇਟ)

ਸਿੱਖ ਧਰਮ ਸੰਸਾਰ ਦਾ ਸਭ ਤੋਂ ਆਧੁਨਿਕ, ਸਾਇੰਟੇਫਿਕ, ਸ਼੍ਰੋਮਣੀ ਅਤੇ ਕਲਿਆਣਕਾਰੀ ਧਰਮ ਹੈ ਜਿਸ ਵਿਚ ਦੀਨ ਦੁਨੀਆਂ ਨੂੰ ਤਿਆਗ ਕੇ ਜੰਗਲਾਂ ਜਾਂ ਪਹਾੜਾਂ ਤੇ ਜਾ ਕੇ ਕਠਨ ਤਪ ਸਾਧਨਾ ਕਰਨ, ਭੁੱਖੇ ਰਹਿਣ, ਪੁੱਠੇ ਲਟਕਣ, ਠੰਢੇ ਪਾਣੀਆਂ ਵਿੱਚ ਜਲ ਧਾਰਾ ਕਰਨ, ਸਰੀਰ ਤੇ ਸਵਾਹ ਮਲਣ, ਕੰਡਿਆਂ ਦੀ ਸੇਜਾ ਤੇ ਵਿਸ਼ਰਾਮ ਕਰਨ ਆਦਿ ਕਰਮ ਕਾਂਡਾਂ ਦੀ ਬਿਲਕੁਲ ਲੋੜ ਨਹੀਂ ਪੈਂਦੀ ਬਲਕਿ ਗੁਰਮਤਿ ਤਾਂ ਉਹ ਸਹਿਜ ਸੁਹੇਲਾ ਮਾਰਗ ਹੈ ਜਿਸ ਵਿਚ ਹੱਸਦੇ ਖੇਡਦੇ, ਸੁਹਣਾ ਪਹਿਨਦੇ, ਛਕਦੇ ਛਕਾਂਦੇ ਪਰਮ ਪਦ ਦੀ ਪ੍ਰਾਪਤੀ ਹੋ ਸਕਦੀ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਫ਼ੁਰਮਾਨ ਕਰਦੇ ਹਨ –

> "ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜੁਗਤਿ॥
> ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ॥"

ਅਸੀਂ ਆਪਣੇ ਆਪ ਨੂੰ ਗੁਰੂ ਨਾਨਕ ਦੇਵ ਜੀ ਦਾ ਸਿੱਖ ਅਖਵਾਉਂਦੇ ਹਾਂ ਅਤੇ ਫ਼ਖ਼ਰ ਨਾਲ ਕਹਿੰਦੇ ਹਾਂ ਕਿ ਅਸੀਂ ਗੁਰੂ ਦੇ ਸਿੱਖ ਹਾਂ। ਜੇਕਰ ਅਸੀਂ ਗੁਰੂ ਦੇ ਸੱਚੇ ਸਿੱਖ ਹਾਂ ਤਾਂ ਗੁਰੂ ਮਹਾਰਾਜ ਦੀ ਸਿਖਿਆ ਉੱਤੇ ਚਲਣਾ ਵੀ ਸਾਡਾ ਪਰਮ ਧਰਮ ਹੋਣਾ ਚਾਹੀਦਾ ਹੈ।

ਗੁਰਮਤਿ ਵਿੱਚ ਗੁਰਬਾਣੀ, ਗੁਰੂ ਦੀ ਸਿਖਿਆ ਤੇ ਉਪਦੇਸ਼ਾਂ ਨੂੰ ਸੁਣਨ ਦੀ ਠੀਕ ਹੀ ਬੜੀ ਮਹਾਨਤਾ ਹੈ, ਪ੍ਰੰਤੂ ਗੁਰੂ ਦੀ ਸਿਖਿਆ ਸੁਣੀ ਵੀ ਕਿਸੇ ਕੰਮ ਨਹੀਂ ਜੇਕਰ ਇਸ ਸਿਖਿਆ ਨੂੰ ਮਨ ਵਿੱਚ ਨਹੀਂ ਵਸਾਇਆ ਅਤੇ ਇਸ ਤੇ ਅਮਲ ਨਹੀਂ ਕੀਤਾ। ਸ੍ਰੀ ਗੁਰੂ ਰਾਮਦਾਸ ਪਾਤਸ਼ਾਹ ਜੀ ਦਾ ਬਚਨ ਹੈ –

> ਸੇਵਕ ਸਿਖ ਪੂਜਣ ਸਭਿ ਆਵਹਿ,
> ਸਭਿ ਗਾਵਹਿ ਹਰਿ ਹਰਿ ਊਤਮ ਬਾਨੀ॥
> ਗਾਵਿਆ ਸੁਣਿਆ ਤਿਨ ਕਾ ਹਰਿ ਥਾਇ ਪਾਵੈ,
> ਜਿਨ ਸਤਿਗੁਰ ਕੀ ਆਗਿਆ ਸਤਿ ਸਤਿ ਕਰਿ ਮਾਨੀ॥



WWW.AKJ.ORG

WWW.AKJ.ORG

ਇੱਕ ਹੋਰ ਥਾਂ ਆਪ ਫੁਰਮਾਂਦੇ ਹਨ –
ਗੁਰਸਿਖ ਮੀਤ ਚਲਹੁ ਗੁਰ ਚਾਲੀ॥
ਜੋ ਗੁਰੁ ਕਹੈ ਸੋਈ ਭਲ ਮਾਨਹੁ ਹਰਿ ਹਰਿ ਕਥਾ ਨਿਰਾਲੀ॥

ਗੁਰਮਤਿ ਦੇ ਮਹਾਨ ਵਿਆਖਿਆਕਾਰ ਭਾਈ ਗੁਰਦਾਸ ਜੀ ਆਪਣੇ ਇੱਕ ਕਬਿੱਤ ਵਿੱਚ ਲਿਖਦੇ ਹਨ ਕਿ ਇਕ ਯਾਤ੍ਰੀ ਦੂਜੇ ਰਾਹੀਆਂ ਨੂੰ ਰਸਤਾ ਤਾਂ ਪੁੱਛਦਾ ਹੈ ਪ੍ਰੰਤੂ ਇਕ ਕਦਮ ਵੀ ਉਸ ਰਸਤੇ ਤੇ ਨਹੀਂ ਚੱਲਦਾ – ਇੰਜ ਪ੍ਰੀਤਮ ਦੇ ਦੇਸ ਕੋਈ ਖਾਲੀ ਬਾਤਾਂ ਕਰਕੇ ਹੀ ਕਿਵੇਂ ਪਹੁੰਚ ਸਕਦਾ ਹੈ? ਇੰਜ ਹੀ ਕੋਈ ਬੀਮਾਰ ਵੈਦ ਦਾ ਮਸ਼ਵਰਾ ਤਾਂ ਲੈਂਦਾ ਹੈ, ਪਰ ਉਸਦੀ ਦੱਸੀ ਦਵਾਈ ਨੂੰ ਸੰਜਮ ਨਾਲ ਨਹੀਂ ਖਾਂਦਾ, ਇੰਜ ਉਹ ਬੀਮਾਰੀ ਤੋਂ ਛੁਟਕਾਰਾ ਕਿਵੇਂ ਪਾ ਸਕਦਾ ਹੈ ? ਇਵੇਂ ਹੀ ਕੋਈ ਇਸਤ੍ਰੀ ਜਿਸਦੇ ਕਰਮ ਦੁਹਾਗਣਾਂ ਵਰਗੇ ਹਨ – ਸੁਹਾਗਣਾਂ ਵਾਂਗ ਪਤੀ ਪਰਮੇਸ਼ਰ ਦੀ ਸੇਜਾ ਦਾ ਸੁੱਖ ਆਨੰਦ ਕਿਵੇਂ ਮਾਣ ਸਕਦੀ ਹੈ? ਠੀਕ ਇੰਜ ਹੀ ਗੁਰੂ ਉਪਦੇਸ਼ ਨੂੰ ਹਿਰਦੇ ਵਿੱਚ ਧਾਰ ਕੇ ਉਸ ਅਨੁਸਾਰ ਕਮਾਈ ਕਰਨ ਤੋਂ ਬਗ਼ੈਰ ਸਾਡਾ ਅੱਖਾਂ ਮੁੰਦ ਕੇ ਅਤੇ ਬਗਲੇ ਵਾਂਗ ਸਮਾਧੀ ਲਾ ਕੇ ਗੁਰਬਾਣੀ ਗਾਉਣਾ ਜਾਂ ਸੁਣਨਾ ਬਿਲਕੁੱਲ ਫਜ਼ੂਲ ਹੈ –

ਪੂਛਤ ਪਥਿਕ ਤਿਹ ਮਾਰਗਿ ਨ ਧਾਰੈ ਪਗਿ,
ਪ੍ਰੀਤਮ ਕੈ ਦੇਸ ਕੈਸੇ ਬਾਤਨੁ ਕੇ ਜਾਈਐ।
ਪੂਛਤ ਹੈ ਬੈਦ, ਖਾਤ ਅਉਖਦ ਨ ਸੰਜਮ ਸੈ,
ਕੈਸੇ ਮਿਟੈ ਰੋਗ, ਸੁਖ ਸਹਜ ਸਮਾਈਐ।
ਪੂਛਤਿ ਸੁਹਾਗਨ, ਕਰਮ ਦੁਹਾਗਨਿ ਕੈ,
ਰਿਦੈ ਬਿਬਿਚਾਰ ਕਤ ਸਿਹਜਾ ਬੁਲਾਈਐ।
ਗਾਏ ਸੁਨੈ ਆਂਖੇਂ ਮੀਚੈ ਪਾਈਐ ਨ ਪਰਮਪਦੁ,
ਗੁਰ ਉਪਦੇਸੁ ਗਹਿ, ਜਉ ਲਉ ਨ ਕਮਾਈਐ।

ਸ੍ਰੀ ਗੁਰੂ ਨਾਨਕ ਸਾਹਿਬ ਦੀ ਸਿਖਿਆ ਬੜੀ ਸਰਲ ਹੈ। ਸੁੱਚੀ ਕਿਰਤ ਕਰਨੀ, ਵੰਡ ਕੇ ਛਕਣਾ ਤੇ ਨਾਮ ਜਪਣਾ – ਇਹ ਸਿੱਖੀ ਦੇ ਤਿੰਨ ਵਡੇ ਅਸੂਲ ਹਨ। ਨਾਮ ਜਪਣਾ ਸਾਡਾ ਪਹਿਲਾ ਧਰਮ ਹੈ। ਸੁੱਚੀ ਕਿਰਤ ਕਰਨਾ ਤੇ ਫਿਰ ਵੰਡ ਕੇ ਛਕਣਾ ਨਾਮ ਜਪਣ ਵਾਲੇ ਦੇ ਸੁਭਾਅ ਵਿੱਚ ਆਪਣੇ ਆਪ ਸ਼ਾਮਲ ਹੋ ਜਾਂਦੇ ਹਨ। ਕਿਰਤ ਤਾਂ ਅਸੀਂ ਸਾਰੇ ਹੀ ਕਰਦੇ ਹਾਂ। ਜਦ ਤੱਕ ਸਾਡੀ ਕਿਰਤ ਸੁੱਚੀ ਨਹੀਂ ਹੈ, ਮਨ ਸੁੱਚਾ ਨਹੀਂ ਹੋਣਾ ਤੇ ਜਦ ਤਕ ਮਨ ਸੁੱਚਾ ਨਹੀਂ ਹੁੰਦਾ, ਦਸਵੰਧ ਕੱਢਣਾ ਜਾਂ ਵੰਡ ਕੇ ਛਕਣਾ ਨਹੀਂ ਹੋਣਾ ਅਤੇ ਜਦ ਤੱਕ ਦਸਵੰਧ ਕੱਢਣ ਦੀ ਰਾਹ ਉੱਤੇ ਨਹੀਂ ਚੱਲਦੇ



ਤੇ ਗੁਰੂ ਦਾ ਹੁਕਮ ਨਹੀਂ ਮੰਨਦੇ, ਸਾਡੇ ਉੱਤੇ ਗੁਰੂ ਦੀ ਬਖ਼ਸ਼ਿਸ਼ ਨਹੀਂ ਹੋ ਸਕਦੀ।

ਨਿਸ਼ਕਾਮ ਤੇ ਨਿਰਮਾਣ ਸੇਵਾ ਅਤੇ ਗੁਰੂ ਕੀ ਆਗਿਆ ਸਤਿ ਸਤਿ ਕਰਕੇ ਮੰਨਣ ਦੇ ਅਨੋਖੇ ਪੂਰਨੇ ਪਾਣ ਅਤੇ ਗੁਰੂ ਘਰੋਂ ਨਿਥਾਵਿਆਂ ਦੇ ਥਾਉਂ, ਨਿਮਾਣਿਆਂ ਦੇ ਮਾਣ, ਨਿਤਾਣਿਆਂ ਦੇ ਤਾਣ, ਨਿਉਟਿਆਂ ਦੀ ਓਟ, ਨਿਗੱਤਿਆਂ ਦੀ ਗਤ, ਨਿਪੱਤਿਆਂ ਦੀ ਪਤ, ਨਿਆਸਰਿਆਂ ਦੇ ਆਸਰੇ, ਨਿਧਿਰਿਆਂ ਦੀ ਧਿਰ ਆਦਿ ਮਾਣ ਮੁਰਾਤਬੇ ਪ੍ਰਾਪਤ ਕਰਨ ਵਾਲੇ ਸ੍ਰੀ ਗੁਰੂ ਅਮਰਦਾਸ ਪਾਤਸ਼ਾਹ ਜੀ ਫੁਰਮਾਉਂਦੇ ਹਨ –

"ਗੁਰ ਕਾ ਕਹਿਆ ਜੋ ਕਰੈ ਸੁਖੀ ਹੂ ਸੁਖੁ ਸਾਰੁ॥
ਗੁਰ ਕੀ ਕਰਣੀ ਭਉ ਕਟੀਐ ਨਾਨਕ ਪਾਵਹਿ ਪਾਰੁ॥"

"ਤਿਨ ਕਾ ਜਨਮੁ ਸਫਲੁ ਹੈ ਜੋ ਚਲਹਿ ਸਤਿਗੁਰ ਭਾਇ॥
ਕੁਲੁ ਉਧਾਰਹਿ ਆਪਣਾ ਧੰਨੁ ਜਣੇਦੀ ਮਾਇ॥"

ਤਥਾ –

"ਗੁਰਿ ਕਹਿਆ ਸਾ ਕਾਰ ਕਮਾਵਹੁ॥
ਸਬਦੁ ਚੀਨਿ ਸਹਜ ਘਰਿ ਆਵਹੁ॥
ਸਾਚੈ ਨਾਇ ਵਡਾਈ ਪਾਵਹੁ॥"

(ਪੰਨਾ ੯੩੨)

ਪੰਜਾਹ ਸਾਲ ਤੱਕ ਦਾਸ ਨੂੰ ਵੀ ਇਨ੍ਹਾਂ ਸੁਨਹਿਰੀ ਅਸੂਲਾਂ ਦੀ ਹੋਸ਼ ਨਾ ਆਈ, ਪਰ ਜਦੋਂ ਗੁਰੂ ਸਾਹਿਬ ਨੇ ਮਿਹਰ ਕੀਤੀ, ਫਿਰ ਸੁਚੀ ਕਿਰਤ ਕਰਨ ਅਤੇ ਵੰਡ ਛਕਣ ਦੀ ਮਹਿਮਾ ਦੀ ਸੋਝੀ ਪਈ। ਵੈਸੇ ਇਹ ਕੰਮ ਬਹੁਤ ਔਖਾ ਹੈ। ਪਰ ਗੁਰੂ ਦਾ ਹੁਕਮ ਮੰਨ ਲਈਏ ਤੇ ਫਿਰ ਇਸ ਤੇ ਤੁਰਨ ਦੀ ਕੋਸ਼ਿਸ਼ ਕਰੀਏ ਤਾਂ ਰਸਤਾ ਮਿਲਦਾ ਹੀ ਜਾਂਦਾ ਹੈ, ਸਫ਼ਲਤਾ ਮਿਲਦੀ ਹੀ ਜਾਂਦੀ ਹੈ। ਇੱਕ ਕਦਮ ਅਸੀਂ ਵਧਾਂਦੇ ਹਾਂ, ਕਰੋੜਾਂ ਕਦਮ ਗੁਰੂ ਅੱਗੇ ਵਧ ਕੇ ਸਾਡੀ ਮਦਦ ਕਰਦਾ ਹੈ –

"ਚਰਨ ਸਰਨ ਗੁਰੁ ਏਕ ਪੈਂਡਾ ਜਾਇ ਚਲ,
ਸਤਿਗੁਰੁ ਕੋਟਿ ਪੈਂਡਾ ਆਗੇ ਹੋਇ ਲੇਤ ਹੈ।
ਏਕ ਬਾਰ ਸਤਿਗੁਰ ਮੰਤ੍ਰ ਸਿਮਰਨ ਮਾਤ੍ਰ,
ਸਿਮਰਨ ਤਾਂਹਿ ਬਾਰੰਬਾਰ ਗੁਰੁ ਹੇਤ ਹੈ।



WWW.AKJ.ORG

WWW.AKJ.ORG

ਭਾਵਨੀ ਭਗਤਿ ਭਾਇ ਕੌਡੀ ਅਗ੍ਰ ਭਾਗ ਰਾਖੈ,
ਤਾਂਹਿ ਗੁਰੁ ਸਰਬ ਨਿਧਾਨ ਦਾਨ ਦੇਤ ਹੈ।
ਸਤਿਗੁਰੁ ਦਯਾ ਨਿਧਿ ਮਹਿਮਾ ਅਗਾਧਿ ਬੋਧ,
ਨਮੋ ਨਮੋ ਨਮੋ ਨਮੋ ਨੇਤਿ ਨੇਤਿ ਨੇਤਿ ਹੈ।
(ਭਾਈ ਗੁਰਦਾਸ ਜੀ)

ਅਸੀਂ ਕਹਿੰਦੇ ਹਾਂ ਕਿ ਸਾਡਾ ਮਨ ਨਹੀਂ ਜੁੜਦਾ, ਭਟਕਦਾ ਹੈ, ਮਨ ਵਿਚ ਭੈੜੇ ਭੈੜੇ ਫੁਰਨੇ ਫੁਰਦੇ ਹਨ, ਸਿਮਰਨ ਨਹੀਂ ਕਰ ਹੁੰਦਾ ਆਦਿ। ਮਨ ਦਾ ਤਾਂ ਕੰਮ ਹੀ ਫੁਰਨੇ ਕਰਨਾ ਹੈ, ਮਨ ਨੇ ਤਾਂ ਹਮੇਸ਼ਾ ਮਾੜੇ ਪਾਸੇ ਹੀ ਜਾਣਾ ਹੈ। ਨਿੰਦਿਆ ਬਖੀਲੀ ਵੱਲ ਜਾਂਦਾ ਹੈ। ਦੂਜਿਆਂ ਨੂੰ ਦੁਖੀ ਕਰਕੇ, ਪਰਾਇਆ ਮਾਲ ਹੜੱਪ ਕਰਨ ਦੀਆਂ ਵਿਉਂਤਾਂ ਬਣਾਂਦਾ ਹੈ। ਜਦ ਤਕ ਅਸੀਂ ਡਟ ਨਹੀਂ ਜਾਂਦੇ, ਇਹ ਨਹੀਂ ਹਾਰਦਾ। ਗੁਰੂ ਦੀ ਸਿਖਿਆ ਅਨੁਸਾਰ ਵਾਹਿਗੁਰੂ ਜੀ ਦਾ ਜਾਪ ਸ਼ੁੱਧ ਹਿਰਦੇ ਨਾਲ ਕਰਕੇ ਇਸ ਨੂੰ ਬੰਨ੍ਹਣਾ ਹੈ। ਜਿਉਂ ਜਿਉਂ ਸਿਮਰਨ ਅੰਦਰ ਵੱਸਦਾ ਜਾਵੇਗਾ– ਮਾੜੇ ਖ਼ਿਆਲ ਅੰਦਰੋਂ ਨੱਸਦੇ ਜਾਣਗੇ।

ਜਦੋਂ ਅਸੀਂ ਆਪਣੀ ਹੋਛੀ ਮੱਤ ਛੱਡ ਦਿਆਂਗੇ ਤੇ ਗੁਰੂ ਦੀ ਸੁੱਚੀ ਮੱਤ ਧਾਰਨ ਕਰ ਲਵਾਂਗੇ ਤਾਂ ਫਿਰ ਗੁਰੂ ਆਪੇ ਸਾਨੂੰ ਚੰਗੇ ਪਾਸੇ ਲਾਵੇਗਾ ਤੇ ਅਸੀਂ ਇਹ ਅਨੁਭਵ ਕਰਾਂਗੇ ਕਿ ਸਾਡੇ ਤੇ ਬਖਸ਼ਿਸ਼ ਹੋ ਰਹੀ ਹੈ। ਸੋਝੀ ਉਪ੍ਰੰਤ ਚੰਗੇ ਪਾਸੇ ਚੱਲਣ ਦਾ ਲਗਾਤਾਰ ਉਦਮ ਕਰਨਾ ਸਾਡਾ ਧਰਮ ਹੈ। ਫਿਰ ਜੀਵਨ ਬੜਾ ਮਿੱਠਾ ਤੇ ਸੁਆਦਲਾ ਬਣਦਾ ਜਾਏਗਾ ਤੇ ਮਨ ਇਸ ਮਾਰਗ ਤੇ ਤੁਰਨ ਲਈ ਉਤਾਵਲਾ ਹੀ ਰਹੇਗਾ।

ਕਦੇ ਧਰਕੋਨੇ ਤੱਕੇ ਜੇ? ਦਿੱਸਣ ਵਿਚ ਅੰਗੂਰਾਂ ਵਰਗੇ ਹੀ ਭਾਸਦੇ ਹਨ, ਪਰ ਬੁੱਧੀਮਾਨ ਪੁਰਸ਼ ਉਨ੍ਹਾਂ ਵੱਲ ਤੱਕਦੇ ਵੀ ਨਹੀਂ। ਕਿਉਂ? ਇਸ ਕਰਕੇ ਕਿ ਉਹ ਕੌੜੇ ਤੇ ਬੇਸੁਆਦ ਹੁੰਦੇ ਹਨ। ਠੀਕ ਇਸੇ ਤਰ੍ਹਾਂ ਸੰਸਾਰ ਵਿਚ ਆਪਣਾ ਜੀਵਨ ਅੰਗੂਰਾਂ ਵਾਂਗ ਮਿੱਠਾ ਤੇ ਸੁਆਦੀ ਜਾਂ ਅੱਕ ਧਰਕੋਨਿਆਂ ਵਾਂਗ ਕੁੜੱਤਣ ਵਾਲਾ ਬਣਾਨਾ ਹੁਣ ਤੁਹਾਡੇ ਆਪਣੇ ਹੱਥ ਵਿਚ ਹੀ ਹੈ। ਤਾਂ ਫਿਰ ਕਿਉਂ ਨਾ ਤੁਸੀਂ ਆਪਣਾ ਜੀਵਨ ਸੁਹਣਾ ਤੇ ਖ਼ੁਸ਼ਗਵਾਰ ਬਣਾਓ? ਐਸੇ ਚੰਗੇ ਜੀਵਨ ਦਾ ਆਰੰਭ ਗੁਰਮੁਖਾਂ ਦੀ ਤੇ ਗੁਰਬਾਣੀ ਦੀ ਸਤਿਸੰਗਤ ਨਾਲ ਆਰੰਭ ਹੁੰਦਾ ਹੈ।

ਕੀ ਆਪ ਨੂੰ ਪਤਾ ਹੈ ਕਿ ਚਮਤਕਾਰੀ ਜੀਵਨ ਦੀ ਨੀਂਹ ਕਿਵੇਂ ਬੱਝਦੀ ਹੈ? ਜੇ ਨਹੀਂ



ਪਤਾ ਤਾਂ ਧਿਆਨ ਨਾਲ ਸੁਣੋ ਕਿ ਐਸੇ ਚੁੰਬਕਮਈ ਜੀਵਨ ਦੀ ਨੀਂਹ 'ਵੰਡ ਛਕਣ' ਅਰ ਪਵਿੱਤਰ 'ਦਸਵੰਧ' ਦੇਣ ਦੇ ਭਾਵ ਤੋਂ ਆਰੰਭ ਹੁੰਦੀ ਏ। ਆਸ ਪਾਸ ਜੋ ਕੁਝ ਵੀ ਹੈ, ਜਿਸ ਨਾਲ ਕਿਸੇ ਪ੍ਰਾਣੀ ਦਾ ਭਲਾ ਹੋ ਸਕਦਾ ਹੋਵੇ – ਉਸ ਨੂੰ ਖੁੱਲ੍ਹੇ ਦਿਲ ਉਦਾਰਤਾ ਨਾਲ ਵੰਡੋ। ਗੁਰਸਿੱਖਾਂ ਨੂੰ ਤਾਂ ਦਸਵੰਧ ਕੱਢਣ ਦੀ ਗੁੜ੍ਹਤੀ ਸਤਿਗੁਰਾਂ ਨੇ ਬਖ਼ਸ਼ੀ ਹੈ, ਜਿੰਨਾ ਵਧੀਕ ਆਪ ਦਸਵੰਧ ਦਾਨੀ ਬਣਨ ਦੀ ਲੀਹੇ ਚੱਲੋਗੇ, ਉਤਨੀ ਹੀ ਵਧੀਕ ਅੰਤ੍ਰੀਵ ਪ੍ਰਸੰਨਤਾ ਦੀ ਫੁਹਾਰ ਆਪ ਉਤੇ ਅਰਸ਼ੀ ਦਰਬਾਰੋਂ ਵਰਸਣੀ ਆਰੰਭ ਹੋ ਜਾਏਗੀ।

ਇਸ ਦ੍ਰਿਸ਼ਟਾਂਤ ਨੂੰ ਜ਼ਰਾ ਧਿਆਨ ਨਾਲ ਸੋਚੋ ਤੇ ਸਮਝਣ ਦੀ ਕੋਸ਼ਿਸ਼ ਕਰੋ। ਆਪ ਖੇਤੀ ਵਿੱਚ 10 ਮੁੱਠਾਂ ਦਾਣੇ ਬੀਜੋਗੇ ਤਾਂ 10 ਟੋਕਰੇ ਅਨਾਜ ਭਰ ਲਵੋਗੇ। 10 ਮਣ ਬੀਜ ਬੀਜੋਗੇ ਤਾਂ 100 ਮਣ ਅਨਾਜ ਦੇ ਬੋਹਲਾਂ ਨਾਲ ਬੋਰੀਆਂ ਤੂੜ ਲਵੋਗੇ। 10 ਗੱਡੇ ਬੀਜੋਗੇ ਤਾਂ 100 ਕੋਠੀਆਂ ਅਨਾਜ ਭਰ ਲਵੋਗੇ: ਅਰਥਾਤ ਜਿਉਂ ਜਿਉਂ ਉਦਾਰ ਚਿੱਤ ਹੋ ਜਿਮੀਂਦਾਰ ਖੁੱਲ੍ਹੀ ਭੋਇੰ ਵਿਚ ਬੀਜ ਬੀਜਦਾ ਜਾਂਦਾ ਹੈ ਤਿਉਂ ਤਿਉਂ ਰੱਬੀ ਬਖ਼ਸ਼ਿਸ਼ਾਂ ਦੀ ਵਧੀਕ ਬਰਕਤ ਉਸ ਦੀ ਝੋਲੀ ਵਿਚ ਪੈਂਦੀ ਜਾਂਦੀ ਹੈ। ਇਹ ਇੱਕ ਬੁਨਿਆਦੀ ਕਾਨੂੰਨ ਹੈ, ਅਤੇ ਇਸ ਵਿਚ ਸਰ੍ਹੋਂ ਦੇ ਦਾਣੇ ਜਿੰਨੀ ਵੀ ਸ਼ੱਕ ਦੀ ਗੁੰਜਾਇਸ਼ ਨਹੀਂ ਹੈ।

ਗੁਰੂ ਕੇ ਸਿੱਖ ਲਈ ਇਹ ਇੱਕ ਪ੍ਰੇਰਨਾ ਹੀ ਨਹੀਂ, ਬਲਕਿ ਜ਼ੋਰਦਾਰ ਤਾਕੀਦ ਹੈ ਕਿ ਆਪਣੀ ਕ੍ਰਿਤ ਕਮਾਈ ਦਾ ਦਸਵਾਂ ਹਿੱਸਾ (ਦਸਵੰਧ) ਧਰਮ ਕਾਰਜਾਂ, ਕੌਮੀ ਅਤੇ ਧਾਰਮਕ ਹਿਤਾਂ ਆਦਿ ਲਈ ਖਰਚ ਕੇ ਸਫ਼ਲ ਕਰੇ। ਪੁਰਾਤਨ ਹੁਕਮਨਾਮਿਆਂ ਅਤੇ ਇਤਿਹਾਸਕ ਗ੍ਰੰਥਾਂ ਵਿਚੋਂ ਇਸ ਪ੍ਰਕਾਰ ਦੇ ਆਦੇਸ਼ ਸਾਫ਼ ਵੇਖੇ ਜਾ ਸਕਦੇ ਹਨ, ਜਿਵੇਂ –

"ਦਸ ਨਖ ਕਰ ਜੋ ਕਾਰ ਕਮਾਵੈ।
ਤਾਂ ਕਰ ਜੋ ਧਨ ਘਰ ਮਹਿ ਆਵੈ।
ਤਿਸ ਤੇ ਗੁਰ ਦਸੌਂਧ ਜੋ ਦੇਈ।
ਸਿੰਘ ਸੁ ਯਸ ਬਹੁ ਜਗ ਮਹਿ ਲੇਈ।"
(ਰਹਿਤਨਾਮਾ ਭਾਈ ਦੇਸਾ ਸਿੰਘ ਜੀ)

"ਗੁਰੂ ਕਾ ਸਿੱਖ ਧਰਮ ਕਿਰਤ ਕੇ ਨਫ਼ੇ ਵਿਚੋਂ ਗੁਰੂ ਅਰਥ ਦਸਵੰਧ ਦੇਵੇ।"
(ਰਹਿਤਨਾਮਾ ਭਾਈ ਚੌਪਾ ਸਿੰਘ ਜੀ)



WWW.AKJ.ORG

WWW.AKJ.ORG

"ਜੋ ਅਪਨੀ ਕਿਛੁ ਕਰੇ ਕਮਾਈ।
]ਗੁਰੁ ਹਿਤ ਦਿਹੁ ਦਸਵੰਧੁ ਬਨਾਈ।"
(ਗੁਰੁ ਪ੍ਰਤਾਪ ਸੂਰਜ ਗ੍ਰੰਥ)

ਸ੍ਰੀ ਦਸਮੇਸ਼ ਪਿਤਾ ਜੀ ਦੇ ਹਜ਼ੂਰੀ ਕਵੀ ਭਾਈ ਨੰਦ ਲਾਲ ਸਿੰਘ ਜੀ ਤਾਂ ਬਹੁਤ ਕਰੜੇ ਸ਼ਬਦਾਂ ਵਿਚ ਹਦਾਇਤ ਕਰਦੇ ਹਨ ਕਿ ਜੋ ਗੁਰੂ ਦਾ ਸਿੱਖ ਦਸਵੰਧ ਨਹੀਂ ਕੱਢਦਾ, ਉਸ ਤੇ ਤਾਂ ਕਿਸੇ ਕਿਸਮ ਦਾ ਭਰੋਸਾ ਜਾਂ ਵਿਸ਼ਵਾਸ ਹੀ ਨਹੀਂ ਕੀਤਾ ਜਾ ਸਕਦਾ –

"ਦਸਵੰਧ ਗੁਰੂ ਨਹਿ ਦੇਵਈ, ਝੂਠ ਬੋਲ ਜੋ ਖਾਇ।
ਕਹੈ ਗੋਬਿੰਦ ਸਿੰਘ ਲਾਲ ਜੀ, ਤਿਸ ਕਾ ਕਛੁ ਨ ਬਿਸਾਹਿ॥"

ਗੁਰੂ ਪ੍ਰੇਮੀਆਂ ਦੇ ਮਨ ਵਿਚ ਇਹ ਵਿਚਾਰ ਆਮ ਆ ਜਾਂਦਾ ਹੈ ਕਿ ਇਤਨੀ ਮਿਹਨਤ ਨਾਲ ਅਸੀਂ ਕਮਾਈ ਕਰਦੇ ਹਾਂ, ਪੈਸਾ ਪੈਸਾ ਜੋੜਦੇ ਹਾਂ ਅਤੇ ਜੇਕਰ ਇਸਦਾ ਦਸਵਾਂ ਹਿੱਸਾ ਗੁਰੂ ਕੇ ਨਮਿੱਤ ਕੱਢਣ ਲੱਗੇ, ਫਿਰ ਤਾਂ ਜਲਦੀ ਹੀ ਗਰੀਬੀ ਦਾ ਮੂੰਹ ਵੀ ਵੇਖਣਾ ਪੈ ਸਕਦਾ ਹੈ। ਕਿਉਂ ਮਿਹਨਤ ਨਾਲ ਜੋੜੀ ਇਸ ਮਾਇਆ ਨੂੰ ਧਰਮ ਕਾਰਜਾਂ ਲਈ ਦਸਵੰਧ ਵਜੋਂ ਦਿੱਤਾ ਜਾਵੇ? ਇਸ ਸ਼ੰਕੇ ਦਾ ਨਿਸਤਾਰਾ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸੁਖਮਨੀ ਸਾਹਿਬ ਵਿੱਚ ਚੰਗੀ ਤਰ੍ਹਾਂ ਕਰ ਦਿੱਤਾ ਹੈ। ਆਪ ਫੁਰਮਾਂਦੇ ਹਨ ਕਿ ਠੀਕ ਹੈ ਤੂੰ ਦਸ ਪੈਸੇ ਜੋੜਦਾ ਹੈਂ, ਪ੍ਰੰਤੂ ਉਹ ਦੀਨ ਦਿਆਲ ਪਰਮੇਸ਼ਰ ਤੈਨੂੰ ਇਹ ਦਸ ਪੈਸੇ ਵੀ ਨਾ ਦੇਵੇ, ਤਾਂ ਤੂੰ ਕੀ ਚਾਰਾ ਕਰ ਸਕਦਾ ਹੈਂ? ਆਪ ਫੁਰਮਾਂਦੇ ਹਨ –

"ਦਸ ਬਸਤੂ ਲੈ ਪਾਛੈ ਪਾਵੈ॥
ਏਕ ਬਸਤੁ ਕਾਰਨਿ ਬਿਖੋਟਿ ਗਵਾਵੈ॥
ਏਕ ਭੀ ਨ ਦੇਇ ਦਸ ਭੀ ਹਿਰਿ ਲੇਇ॥
ਤਉ ਮੂੜਾ ਕਹੁ ਕਰਾ ਕਰੇਇ॥"
(ਪੰਨਾ ੨੬੮)

ਇਸ ਲਈ ਪ੍ਰੇਮੀਓ! ਆਪਦਾ ਜੀਵਨ ਰੂਪੀ ਫੁੱਲ ਉਦੋਂ ਹੀ ਪੂਰਾ ਸੋਹਣਾ ਅਤੇ ਪੂਰੇ ਜੋਬਨ ਵਿਚ ਖਿੜੇਗਾ ਜਦੋਂ ਆਪ ਆਪਣਾ ਦਸਵੰਧ ਅਤੇ ਹੋਰ ਜੋ ਕੁਝ ਗੁਣ ਆਦਿ ਆਪ ਪਾਸ ਕੀਮਤੀ ਸੁਗਾਤ ਹੈ, ਉਸ ਨੂੰ ਹੋਰ ਭਰਾਵਾਂ ਵਿੱਚ ਪ੍ਰੇਮ ਨਾਲ ਵੰਡਣਾ ਸਿੱਖ ਲਵੋਗੇ ਅਤੇ ਨਾਲ ਹੀ ਨਾਮ ਸਿਮਰਨ ਦੀ ਲੀਹੇ ਮਨ ਨੂੰ ਤੋਰੋਗੇ। ਸ਼ੱਕ, ਭਰਮ ਤੇ



ਬੇਵਿਸ਼ਵਾਸੀ ਦੇ ਕੰਡੇ ਬਿਲਕੁਲ ਅੰਦਰ ਨਾ ਉਗਣ ਦਿਓ ਤੇ ਜਿਵੇਂ ਹੀ ਇਹ ਵਿਚਾਰ ਖੁੰਬਾਂ ਬਣਕੇ ਉਠਣ, ਇਨ੍ਹਾਂ ਦੀਆਂ ਸਿਰੀਆਂ ਫੇਹ ਸੁੱਟੋ ਅਤੇ ਮਨ ਨੂੰ ਰੱਬੀ ਸ਼ੁਕਰ ਗੁਜ਼ਾਰੀ ਦੇ ਰੰਗ ਵਿਚ ਰੰਗ ਦਿਓ।

ਕੀ ਤੁਹਾਡੀਆਂ ਦੋਨੋਂ ਅੱਖਾਂ ਐਵੇਂ ਨਿਗੂਣੀਆਂ ਤੇ ਸਾਧਾਰਨ ਹੀ ਹਨ? ਨਹੀਂ ਇਨ੍ਹਾਂ ਦਾ ਮੁੱਲ ਨੇਤ੍ਰਹੀਣਾਂ ਨੂੰ ਪੁੱਛੋ। ਲੱਤਾਂ ਦਾ ਮੁੱਲ ਕਿਸੇ ਲੂਲੇ ਲੰਗੜੇ ਨੂੰ ਪੁੱਛੋ। ਹੱਥਾਂ ਦਾ ਮੁੱਲ ਹੱਥ ਗਵਾ ਚੁਕੇ ਬੰਦੇ ਤੋਂ ਪੁਛੋ ਤੇ ਫਿਰ ਤੱਕੋ ਕਿ ਤੁਹਾਡੀ ਇਹ ਦੇਹੀ, ਅਰੋਗ ਸਰੀਰ ਕਿੰਨਾ ਅਮੋਲਕ ਹੈ। ਇੰਨੀਆਂ ਰੱਬੀ ਬਖ਼ਸ਼ਿਸ਼ਾਂ ਪ੍ਰਾਪਤ ਕਰਕੇ ਵੀ ਜੇ ਮਨੁੱਖ ਨਾਸ਼ੁਕਰਾ ਬਣ ਬੈਠਦਾ ਹੈ, ਉਸ ਵਰਗਾ ਮੰਦ ਭਾਗੀ ਦੁਨੀਆਂ ਵਿਚ ਕੋਈ ਨਹੀਂ। ਇਸ ਨਾਸ਼ੁਕਰ ਗੁਜ਼ਾਰੀ ਦੀ ਭਾਵਨਾ ਕੁਚਲ ਛੱਡੋ ਤੇ ਜੋ ਵਾਹਿਗੁਰੂ ਦੀਆਂ ਬਖ਼ਸ਼ਿਸ਼ਾਂ ਆਪ ਨੂੰ ਪ੍ਰਾਪਤ ਹਨ ਉਨ੍ਹਾਂ ਲਈ ਸ਼ੁਕਰਾਨੇ ਵਿੱਚ ਭਿੱਜ ਕੇ ਲਗਾਤਾਰ ਦਸਵੰਧ ਕੱਢੋ ਤੇ ਨਾਮ ਜਪੋ। ਕੁੱਝ ਸਮਾਂ ਹੀ ਇਸ ਲੀਹੇ ਤੁਰੇ ਰਹੋਗੇ ਤਾਂ ਫਿਰ ਯਕੀਨਨ ਹੀ ਤੁਹਾਡਾ ਅੰਦਰਲਾ ਕਾਇਲ ਹੋ ਕੇ ਇਸ ਸੱਚੇ ਮਾਰਗ ਦਾ ਪੰਧਾਊ ਬਣਨ ਲਈ ਪੁਕਾਰ ਉਠੇਗਾ।

ਸ੍ਰੀ ਗੁਰੂ ਅਰਜਨ ਦੇਵ ਜੀ ਸਹਸਕ੍ਰਿਤੀ ਸਲੋਕਾਂ ਵਿੱਚ ਫੁਰਮਾਂਦੇ ਹਨ ਕਿ ਜੋ ਜੀਵ ਪੂਰਬਲੇ ਜਨਮ ਵਿੱਚ ਦਾਨ ਪੁੰਨ ਕਰਦੇ ਹਨ, ਅਗਲੇ ਜਨਮ ਵਿੱਚ ਰਾਜਿਆਂ ਵਾਂਗ ਸੁਖ ਮਾਣਦੇ ਹਨ, ਜਦੋਂ ਕਿ ਮਨਮਤੀ ਲੋਕ ਦੁੱਖ ਭੋਗਦੇ ਹੀ ਮਰ ਜਾਂਦੇ ਹਨ –

ਦਾਨੰ ਪਰਾ ਪੂਰਬੇਣ, ਭੁੰਚੰਤੇ ਮਹੀਪਤੇ॥
ਬਿਪਰੀਤ ਬੁਧੵੰ ਮਾਰਤ ਲੋਕਹ ਨਾਨਕ ਚਿਰਕਾਲ ਦੁਖ ਭੋਗਤੇ॥

'ਸਾਰਕੁਤਾਵਲੀ' ਵਿੱਚ ਕਥਨ ਆਂਦਾ ਹੈ ਕਿ ਸੰਸਾਰ ਵਿੱਚ ਮਾਇਆ ਦੇ ਚਾਰ ਹਿੱਸੇਦਾਰ ਹਨ – ਧਰਮ, ਰਾਜਾ, ਚੋਰ ਤੇ ਅਗਨੀ। ਜੋ ਜੀਵ ਧਰਮ ਨੂੰ ਤਿਆਗਦੇ ਹਨ ਅਥਵਾ ਧਰਮ ਅਰਥ ਖਰਚ ਨਹੀਂ ਕਰਦੇ, ਉਸ ਤੇ ਬਾਕੀ ਦੇ ਤਿੰਨ ਹਿੱਸੇਦਾਰ ਵੀ ਸਖ਼ਤ ਨਾਰਾਜ਼ ਹੋ ਜਾਂਦੇ ਹਨ ਅਤੇ ਕਿਸੇ ਢੰਗ ਨਾਲ ਧਨ ਨੂੰ ਕਾਬੂ ਕਰ ਹੀ ਲੈਂਦੇ ਹਨ। ਜੋ ਮਾਇਆ ਧਰਮ ਦੇ ਲੇਖੇ ਲਗ ਕੇ ਵਧਣੀ ਫੁੱਲਣੀ ਸੀ, ਉਹ ਚੋਰ, ਰਾਜੇ ਜਾਂ ਅੱਗ ਦੇ ਕਾਬੂ ਆ ਕੇ ਪੂਰੀ ਦੀ ਪੂਰੀ ਭਸਮ ਹੋ ਜਾਂਦੀ ਹੈ –

ਧਨ ਕੇ ਭਾਗੀ ਚਾਰ ਹੈਂ, ਧਰਮ, ਚੋਰ, ਨਿਰਪ, ਆਗ।
ਕੋਪੈ ਤ੍ਰਾਪੈ ਭ੍ਰਾਤ ਤ੍ਰੈ, ਕਰੈ ਜੁ ਜੇਸ਼ਟਹਿ ਤਿਆਗ।


WWW.AKJ.ORG

ਇਸ ਲਈ ਸਾਨੂੰ ਸਭ ਨੂੰ ਪ੍ਰਣ ਕਰਨਾ ਚਾਹੀਦਾ ਹੈ ਕਿ ਗੁਰੂ ਦੇ ਹੁਕਮਾਂ ਨੂੰ ਤਾਕੀਦਗੀ ਨਾਲ ਮੰਨੀਏ, ਆਪਣੀ ਧਰਮ ਦੀ ਕਮਾਈ ਦਾ ਦਸਵੰਧ ਨੇਮ ਨਾਲ ਕੱਢੀਏ ਅਤੇ ਸ਼ੁਭ ਕਾਰਜਾਂ ਵਿੱਚ ਲਗਾਕੇ ਸਫ਼ਲ ਕਰੀਏ। ਇਸੇ ਵਿੱਚ ਹੀ ਜੀਵ ਦੀ ਸਫ਼ਲਤਾ ਅਤੇ ਕਲਿਆਣ ਹੈ।



# ਬਾਬਾ ਰਾਮ ਸਿੰਘ ਜੀ ਦਾ ਉਪਕਾਰ

**(ਭਾਈ ਸਾਹਿਬ ਰਣਧੀਰ ਸਿੰਘ ਜੀ)**

ਸਿਰੀ ਬਾਬਾ ਰਾਮ ਸਿੰਘ ਦੇ ਸ਼ਰੀਕ ਭਾਈਆਂ ਵਿਚੋਂ ਇੱਕ ਸ਼ਰੀਕ ਪਰਵਾਰ ਮੁਢ ਤੋਂ ਹੀ ਸਿਰੀ ਬਾਬਾ ਜੀ ਦੇ ਨਾਲ ਅਣਹੋਇਆ ਵੈਰ ਵਿਰੋਧ ਰਖਦਾ ਆਇਆ ਸੀ। ਐਸੀ ਨੇਤ ਹੋਈ ਕਿ ਨਿਕਟੀ ਪਰਵਾਰ ਦਾ ਇਕ ਮਾਇਆ-ਖੱਟੂ ਨੌਜਵਾਨ ਚੀਨ, ਮਲਾਇਆ ਟਾਪੂਆਂ ਵਲੋਂ ਮਾਇਆ ਦੇ ਬੋਹਲ ਖਟ ਕੇ ਕਈਆਂ ਬਰਸਾਂ ਪਿਛੋਂ ਵਾਪਸ ਪਿੰਡ ਫੱਲੇਵਾਲ ਆਇਆ ਤੇ ਬੜੀ ਭਿਆਨਕ ਬੀਮਾਰੀ ਨਾਲ ਬੀਮਾਰ ਹੋ ਕੇ ਆਇਆ। ਉਸ ਦਾ ਸਾਰਾ ਸਰੀਰ ਬੜਾ ਰਿਸ਼ਟ ਪੁਸ਼ਟ ਸੀ, ਛੇ ਫੁੱਟ ਲੰਮਾ ਜਵਾਨ, ਡੇਢ ਫੁੱਟ ਚੌੜੀ ਛਾਤੀ। ਉਸ ਨੂੰ ਅਨਾਚਿਤ ਐਸੀ ਬੀਮਾਰੀ ਲੱਗੀ ਕਿ ਉਸ ਦਾ ਸਰੀਰ ਤਖ਼ਤੇ ਵਾਂਗੂੰ ਹੋ ਗਿਆ, ਨਾ ਹਿੱਲ ਸਕੇ, ਨਾ ਸਿੱਧਾ ਬੈਠ ਸਕੇ, ਨਾ ਤੁਰ ਫਿਰ ਸਕੇ, ਨਾ ਉਸ ਦੇ ਅੰਗ ਮੁੜ ਸਕਣ, ਸਿੱਧਾ ਸਤੋਰ ਪਿਆ ਰਹੇ ਤਾਂ ਪਿਆ ਰਹੇ, ਜੇ ਖੜ੍ਹਾ ਹੈ ਤਾਂ ਖੜ੍ਹਾ ਰਹੇ। ਬੜਾ ਭਾਰੀ ਜਵਾਨ ਸੀ, ਇਸ ਨੂੰ ਤਿੰਨ ਤਿੰਨ ਚਾਰ ਚਾਰ ਆਦਮੀ ਸਾਂਭ ਸਕਦੇ ਸੀ। ਚੀਨ ਮਲਾਇਆ ਦੇ ਨੇੜੇ ਤੇੜੇ ਡਾਕਟਰਾਂ ਹਕੀਮਾਂ ਪਾਸੋਂ ਇਲਾਜ ਕਰਾਏ, ਪਰ ਉਸ ਦੀ ਇਹ ਬੀਮਾਰੀ ਨਾ ਹਟੀ। ਬੜਾ ਪਰਮ ਦੁੱਖੀ ਹੋ ਕੇ, ਡਾਕਟਰਾਂ ਹਕੀਮਾਂ ਦੇ ਇਲਾਜ਼ਾਂ ਤੋਂ ਨਿਰਾਸ ਹੋ ਕੇ ਟਾਪੂਆਂ ਤੋਂ ਮੁੜ ਕੇ ਘਰ (ਫੱਲੇਵਾਲ) ਆ ਗਿਆ। ਆਉਂਦੇ ਨੇ ਹੀ ਬਾਬਾ ਰਾਮ ਸਿੰਘ ਨੂੰ ਯਾਦ ਕੀਤਾ ਕਿ ਮੈਨੂੰ ਦਰਸ਼ਨ ਦੇ ਜਾਣ, ਖ਼ੁਦ ਚਲ ਕੇ ਨਹੀਂ ਆ ਸਕਦਾ ਸੀ। ਜਦ ਉਸਦੀ ਭਿਅੰਕਰ ਬੀਮਾਰੀ ਦਾ ਹਾਲ ਬਾਬਾ ਜੀ ਨੇ ਸੁਣਿਆ ਤਾਂ ਕਰੁਣਾ ਰਸ ਨਾਲ ਢਲ ਕੇ ਐਸੇ ਨਰਮ ਹੋਏ ਕਿ ਸਭ ਘਰੋਗੀ ਖ਼ਾਨਦਾਨੀ ਵੈਰ ਵਿਰੋਧ ਭੁਲ ਗਏ। ਐਸਾ ਮੌਕਾ ਹੋਇਆ ਕਿ ਓਦੋਂ ਸਾਰੀ ਸੰਗਤ ਕੀਰਤਨੀ ਬੈਰਾਗੀ ਜਥਾ ਸਿਰੀ ਬਾਬਾ ਜੀ ਦੇ ਘਰ ਆ ਜੁੜਿਆ ਹੋਇਆ ਸੀ। ਜਥੇ ਤੋਂ ਆਗਿਆ ਲੈ ਕੇ ਚਲੇ ਗਏ। ਬਾਬਾ ਰਾਮ ਸਿੰਘ ਜੀ ਦੇ ਪਾਸ ਪਰਮ ਰੋਗੀ ਵੀਰ ਰੋ ਰੋ ਕੇ ਬੇਨਤੀ ਕਰਨ ਲਗਾ, ਉਹਨੇ ਸਾਰੀ ਬੀਮਾਰੀ ਦੀ ਪਿਛਲੀ ਹਾਲਤ ਦਸੀ ਅਤੇ ਆਖਿਆ:

"ਮੈਨੂੰ ਸਾਰੇ ਡਾਕਟਰ ਹਕੀਮ, ਜਵਾਬ ਦੇ ਚੁਕੇ ਹਨ ਅਤੇ ਕਹਿ ਚੁਕੇ ਹਨ ਕਿ ਇਹ ਲਾ-ਇਲਾਜ ਬੀਮਾਰੀ ਹੈ। ਸੋ ਮੈਂ ਹੁਣ ਮਰ ਤਾਂ ਜਾਣਾ ਹੀ ਹੈ, ਐਸਾ ਉਪਕਾਰ ਕਰੋ ਕਿ ਮੇਰੇ ਨਮਿਤ ਇਕ ਅਖੰਡ ਪਾਠ ਸਿਰੀ ਗੁਰੂ ਗ੍ਰੰਥ ਸਾਹਿਬ ਦਾ ਕਰਨਾ ਅਰੰਭ ਕਰਾ ਦਿਉ। ਮੇਰੇ ਭਾਗਾਂ ਨੂੰ ਸਾਰਾ ਜਥਾ ਤੁਹਾਡੇ ਘਰ ਆਇਆ ਹੋਇਆ ਹੈ, ਰੋਗ

WWW.AKJ.ORG

ਬਿਦਾਰਨੀ ਸਚੇ ਵੈਦਾਂ ਸੰਦਾ ਸੰਗ ਇਕੱਠਾ ਹੋਇਆ ਹੋਇਆ ਹੈ। ਸਿਰੀ ਅਖੰਡ ਪਾਠ ਦੀ ਇਹ ਦਾਰੂ ਹਰ ਸੂਰਤ ਵਿਚ ਮੇਰੇ ਰਾਸ ਆਵੇਗੀ। ਮੈਨੂੰ ਇਸ ਗੱਲ ਦਾ ਭਰੋਸਾ ਹੈ ਕਿ ਜੇ ਸਰੀਰ ਚਲ ਗਿਆ ਤਾਂ ਕਲਿਆਣ ਹੋ ਜਾਏਗੀ, ਜੇ ਬਚ ਗਿਆ ਤਾਂ ਮੈਂ ਸਣੇ ਪਰਵਾਰ ਖੰਡੇ ਦਾ ਅੰਮ੍ਰਿਤ ਛੱਕ ਕੇ ਤਿਆਰ ਬਰ ਤਿਆਰ ਹੋ ਜਾਵਾਂਗਾ ਅਤੇ ਆਪਣਾ ਜਨਮ ਸਫਲਾ ਕਰਾਂਗਾ।"

ਸਿਰੀ ਬਾਬਾ ਜੀ ਉਸ ਤੋਂ ਇਹ ਗੱਲ ਸੁਣ ਕੇ ਸਜਲ ਨੇਤਰੀਂ ਹੁੰਦੇ ਹੋਏ ਸੰਗਤ ਪਾਸ ਆਏ ਤੇ ਬਿਰਹੋਂ-ਬੇਧਵੀਂ ਬੇਨਤੀ ਕੀਤੀ ਕਿ ਉਸ ਦਾ ਭਲਾ ਕਰੋ, ਸੰਗਤ ਸਭਨੀਂ ਗੱਲੀਂ ਸਮਰੱਥ ਹੈ। ਭਲਾ ਬਾਬਾ ਜੀ ਦੇ ਬਚਨਾਂ ਨੂੰ ਕੌਣ ਮੋੜੇ? ਅਖੰਡ ਪਾਠ ਦੇ ਤਿਆਰੇ ਬਜਾਉਣ ਲਈ ਦੂਸਰੇ ਦਿਨ ਹੀ ਸਭ ਸਰੰਜਾਮ ਹੋ ਗਿਆ। ਸਾਰੇ ਪਰਵਾਰ ਨੇ ਹਾਵ ਭਾਵ ਨਾਲ ਅਖੰਡ ਪਾਠ ਮੰਡਪ ਸਜਾਇਆ, ਸਿਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ, ਉਸ ਅਸਾਧ ਰੋਗ ਦੇ ਰੋਗੀ ਸਜਣ ਨੂੰ ਚਹੁੰ ਜਣਿਆਂ ਨੇ ਫੜ ਕੇ ਪੇਸ਼ ਹੋਣ ਲਈ ਖੜ੍ਹਾ ਕੀਤਾ। ਬਾਬਾ ਰਾਮ ਸਿੰਘ ਜੀ ਖੜ੍ਹੇ ਚੌਰ ਕਰ ਰਹੇ ਸਨ। ਅਭਿਆਸ-ਖਿੜਾਉ ਵਿਚ ਚੌਰ ਕਰਦੇ ਕਰਦੇ ਉਸ ਨੂੰ ਮੁਖ਼ਾਤਬ ਹੋ ਕੇ ਬੋਲੇ, "ਤੈਥੋਂ ਇੱਕ ਭਾਰੀ ਅਵੱਗਿਆ ਹੋਈ ਹੈ ਪਰ ਤੈਨੂੰ ਹੁਣ ਚਿਤ ਚੇਤੇ ਵੀ ਨਹੀਂ। ਤੂੰ ਦਸ ਕਿ ਜਦੋਂ ਮਾਇਆ ਖੱਟਣ ਲਈ ਦੇਸੀਂ ਪਰਦੇਸੀਂ ਇਥੋਂ ਅਰਦਾਸਾ ਸੋਧ ਕੇ ਤੁਰਿਆ ਸੀ, ਓਦਣ ਕੋਈ ਪ੍ਰਣ-ਪ੍ਰਤਿੱਗਿਆ ਵੀ ਕੀਤੀ ਸੀ?" ਬਾਬਾ ਜੀ ਦੇ ਇਹ ਬਚਨ ਸੁਣ ਕੇ ਉਹ ਬੋਲ ਉਠਿਆ, "ਹਾਂ ਜੀ! ਮੈਂ ਪ੍ਰਤਿੱਗਿਆ ਜ਼ਰੂਰ ਕੀਤੀ ਸੀ ਅਤੇ ਇਹ ਕੀਤੀ ਸੀ ਕਿ ਮੈਂ ਆਪਣੀ ਖੱਟੀ ਕਮਾਈ ਵਿਚੋਂ ਗੁਰੂ ਕਾ ਦਸਵੰਧ ਦਿਆ ਕਰਾਂਗਾ, ਪਰ ਮੈਂ ਪਾਪੀ ਤੋਂ ਅਜ ਤਾਈਂ ਦੇ ਨਹੀਂ ਹੋਇਆ। ਦਸਾਂ ਬਾਰਾਂ ਵਰ੍ਹਿਆਂ ਵਿਚ ਹਜ਼ਾਰਾਂ ਰੁਪਏ ਮੈਂ ਕਮਾਏ। ਦਸਵੰਧ ਮੇਰੇ ਸਿਰ ਚੜ੍ਹਦਾ ਗਿਆ, ਮਾਇਆਵੀ ਐਸ਼ ਪ੍ਰਸਤੀ ਵਿਚ ਮੈਨੂੰ ਦਸਵੰਧ ਦੇਣ ਦਾ ਖ਼ਿਆਲ ਉੱਕਾ ਹੀ ਵਿਸਰ ਗਿਆ। ਇਹ ਬੜੀ ਭਾਰੀ ਅਵੱਗਿਆ ਹੋ ਗਈ ਹੈ। ਇਸੇ ਅਵੱਗਿਆ ਦੇ ਕਾਰਨ ਇਹ ਅਸਾਧ ਰੋਗ ਮੈਨੂੰ ਲੱਗਿਆ ਹੈ।" ਸੁਣ ਕੇ ਸੰਗਤ ਨੇ ਹੁਕਮ ਦਿਤਾ ਕਿ ਪਹਿਲਾਂ ਸਾਰਾ ਦਸਵੰਧ ਕੌਡੀ ਕੌਡੀ ਗਿਣ ਕੇ (ਜੋ ਦਮੜੇ ਬਣਦੇ ਹਨ) ਸਿਰੀ ਹਜ਼ੂਰ ਸਾਹਿਬ ਨੂੰ ਭੇਜ ਦਿਓ। ਫੇਰ ਤੇਰੇ ਨਮਿਤ ਸ੍ਰੀ ਅਖੰਡ ਪਾਠ ਆਰੰਭ ਕੀਤਾ ਜਾਵੇਗਾ। ਉਸਨੇ ਉਸੇ ਵਕਤ ਹੀ ਦਸਵੰਧ ਦੇ ਰੁਪਏ ਕਢ ਕੇ ਆਪਣੇ ਇਕ ਸਕੇ ਭਾਈ ਦੇ ਹੱਥ ਸ੍ਰੀ ਹਜ਼ੂਰ ਸਾਹਿਬ ਭੇਜ ਦਿੱਤੇ। ਫਿਰ ਉਸ ਦੇ ਨਮਿਤ ਸ੍ਰੀ ਅਖੰਡ ਪਾਠ ਦਾ ਉੱਦਮ-ਉਪਕਾਰ ਆਰੰਭ ਹੋਇਆ। ਸਿਰੀ ਬਾਬਾ ਜੀ ਨੇ ਹੁਕਮ ਦਿਤਾ ਕਿ ਸਾਰਾ ਅਖੰਡ ਪਾਠ ਅਤੇ ਅਖੰਡ ਕੀਰਤਨ ਆਰੰਭ ਤੋਂ ਅੰਤ ਤਾਈਂ ਸੁਣਨਾ ਹੋਵੇਗਾ। ਉਸ ਨੇ ਸਾਰੀਆਂ ਗੱਲਾਂ ਬਿਲਕੁਲ ਕਬੂਲ ਕੀਤੀਆਂ। ਨਾਲੇ ਇਹ ਬੇਨਤੀ ਵੀ ਕੀਤੀ ਕਿ ਮੈਥੋਂ ਬੈਠ ਤੇ ਹੋਣਾ ਨਹੀਂ, ਲੰਮਾ ਪੈ ਕੇ ਸੁਣ ਸਕਾਂਗਾ, ਭੂਮ-ਆਸਣ ਕਰਨ ਦੀ ਆਗਿਆ ਦੇ ਦਿੱਤੀ ਜਾਵੇ। ਸੰਗਤ ਨੇ ਖ਼ੁਸ਼ੀ ਨਾਲ ਆਗਿਆ ਦੇ ਦਿੱਤੀ। ਬਾਬਾ ਰਾਮ ਸਿੰਘ ਜੀ ਕਹਿਣ ਲੱਗੇ, *"ਤਕੜੇ ਹੋਵੋ, ਦੇਖੋ ਕੀ ਭਾਣਾ ਵਰਤਦਾ ਹੈ!"* ਅੰਮ੍ਰਿਤ ਵੇਲੇ ਹੀ ਚਾਰ ਬਜੇ ਸਿਰੀ ਆਸਾ ਜੀ ਦੀ ਵਾਰ ਦਾ ਕੀਰਤਨ ਆਰੰਭ ਹੋ ਗਿਆ। ਗਿਆਰਾਂ ਬਜੇ ਅਖੰਡ ਕੀਰਤਨ ਦਾ ਭੋਗ ਪਿਆ। ਕੀਰਤਨ ਦੇ ਭੋਗ ਤੇ ਅਖੰਡ ਪਾਠ ਆਰੰਭ ਕਰਨ ਲਈ ਅਰਦਾਸਾ ਹੋਣ ਲੱਗਾ, ਤਾਂ ਉਸ ਨੂੰ ਚਹੁੰ ਜਣਿਆਂ ਨੇ ਫੜ ਕੇ ਅਰਦਾਸੇ ਵਿਚ ਖੜ੍ਹਾ ਕੀਤਾ, ਤਖ਼ਤੇ ਵਾਂਗੂੰ ਆਕੜਿਆ ਹੋਇਆ ਤੇ ਫੜਿਆ ਹੋਇਆ ਖੜ੍ਹਾ ਹੋ ਗਿਆ। ਅਰਦਾਸੇ ਵਿਚ ਐਸੀ ਕਲਾ ਵਰਤੀ ਕਿ ਅਰਦਾਸੇ ਦੀ ਸਮਾਪਤੀ ਤੇ ਓਹ ਸਿੱਧਾ ਸਤੋਰ ਡੰਡੌਤ ਬੰਦਨਾ ਵਿਚ ਮੂਧੇ ਮੂੰਹ ਛਪਾਲ ਲੰਮਾ ਪੈ ਗਿਆ ਪਰ ਆਪ ਹੀ ਉਠ ਕੇ ਬੈਠ ਗਿਆ, ਹੁਕਮ ਲਿਆ ਗਿਆ ਅਤੇ ਅਖੰਡ ਪਾਠ ਆਰੰਭ ਹੋ ਗਿਆ। ਸਿਰੀ ਜਪੁਜੀ ਦੇ ਪਾਠ ਦੇ ਭੋਗ ਤੇ ਦੇਗ ਵਰਤਾਈ ਗਈ। ਦੇਗ ਕੜਾਹ ਪ੍ਰਸ਼ਾਦ ਦੀ ਬਾਬਾ ਰਾਮ ਸਿੰਘ ਜੀ ਨੇ ਆਪਣੀ ਹੱਥੀਂ ਸਜਾਈ ਸੀ ਅਤੇ ਵਰਤਾਈ ਵੀ ਉਨ੍ਹਾਂ ਨੇ। ਪੰਜਾਂ ਪਿਆਰਿਆਂ ਨੂੰ ਛਾਂਦਾ ਦੇ ਕੇ ਪਹਿਲਾਂ ਉਸ ਦੇ ਹੱਥਾਂ 'ਤੇ ਕੜਾਹ ਪ੍ਰਸ਼ਾਦ ਦਾ ਗੱਫਾ ਧਰ ਕੇ ਬਾਬਾ ਜੀ ਨੇ ਆਖਿਆ, *"ਇਹ ਪੰਚਾ-ਅੰਮ੍ਰਿਤ ਹੈ, ਔਖਧੀਆਂ ਸਿਰ ਸੱਚੀ ਔਖਧੀ ਹੈ, ਇਸ ਨੂੰ ਛਕੋ।"* ਛਕਣ ਦੀ ਦੇਰ ਹੀ ਸੀ ਕਿ ਉਸ ਦੇ ਸਰੀਰ ਵਿਚ ਸਾਵਧਾਨਤਾ ਹੋ ਗਈ ਅਤੇ ਕਹਿਣ ਲਗਾ ਕਿ ਮੈਨੂੰ ਹੁਣ ਪਕੜੋ ਨਹੀਂ, ਮੈਂ ਆਪ ਬੈਠ ਸਕਦਾ ਹਾਂ। ਸਤਿਗੁਰੂ ਜੀ ਦੀ ਐਸੀ ਅਪਾਰ ਕਿਰਪਾ ਹੋਈ ਕਿ ਅਖੰਡ ਪਾਠ ਦੇ ਭੋਗ ਉਪਰ ਬਿਲਕੁਲ ਨਵਾਂ ਨਰੋਆ ਹੋ ਗਿਆ ਅਤੇ ਤੁਰਨ ਫਿਰਨ ਲੱਗ ਪਿਆ। ਲੋਕੀਂ ਦੇਖ ਕੇ ਦੰਗ ਰਹਿ ਗਏ। ਡਾਕਟਰ ਹਕੀਮ ਵੀ ਸੁਣ ਕੇ ਦੰਗ ਰਹਿ ਗਏ। ਗੱਲ ਕੀ, ਸਾਰੇ ਪਰਿਵਾਰ ਨੇ ਮਿਲ ਕੇ ਅੰਮ੍ਰਿਤ ਛਕਿਆ।

"ਦੀਨ ਦਇਆਲ ਭਰੋਸੇ ਤੇਰੇ॥
ਸਭੁ ਪਰਵਾਰੁ ਚੜਾਇਆ ਬੇੜੇ।"

(ਪੰਨਾ ੩੩੭)

ਇਸ ਸ਼ਬਦ ਦਾ ਕੀਰਤਨ ਉਨ੍ਹਾਂ ਸਾਰਿਆਂ ਨੇ ਮਿਲ ਕੇ ਕੀਤਾ।

WWW.AKJ.ORG

ਗੁਰਮੁਖਿ ਸੁਖ ਫਲ ਨਿਜ ਪਦੁ ਪਾਇਆ
ਸਬਦ ਸੁਰਤਿ ਲਿਵਲੀਣੁ ਹੋਇ,
ਸਾਧ ਸੰਗਤਿ ਸਚਿ ਮੇਲਿ ਮਿਲਾਇਆ॥

ਹੁਕਮ ਰਜਾਈ ਚਲਣਾ,
ਆਪੁ ਗਵਾਇ, ਨ ਆਪੁ ਜਣਾਇਆ॥

ਗੁਰਉਪਦੇਸ ਆਵੇਸੁ ਕਰਿ,
ਪਰਉਪਕਾਰਿ ਅਚਾਰਿ ਲੁਭਾਇਆ॥

ਪਿਰਮ ਪਿਆਲਾ ਅਪਿਉ ਪੀ,
ਸਹਜ ਸਮਾਈ ਅਜਰੁ ਜਰਾਇਆ॥

ਮਿਠਾ ਬੋਲਣੁ ਨਿਵਿ ਚਲਣੁ,
ਹਥਹੁ ਦੇ ਕੈ ਭਲਾ ਮਨਾਇਆ॥

ਇਕ ਮਨਿ ਇਕੁ ਅਰਾਧਣਾ,
ਦੁਬਿਧਾ ਦੂਜਾ ਭਾਉ ਮਿਟਾਇਆ॥

ਗੁਰਮੁਖਿ ਸੁਖ ਫਲ ਨਿਜ ਪਦੁ ਪਾਇਆ॥ ੪॥
(ਭਾਈ ਗੁਰਦਾਸ ਜੀ, ਵਾਰ ੧੧/੪)

## ਸਾਡੇ ਮੰਤਵ:

੧. ਦਸ ਗੁਰੂ ਸਾਹਿਬਾਨ ਦੇ ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਸਿਖਿਆਵਾਂ ਦਾ ਦੇਸ਼ ਤੇ ਬਦੇਸ਼ਾਂ ਵਿੱਚ ਪ੍ਰਚਾਰ ਕਰਨਾ।

੨. ਆਦਰਸ਼ਕ ਸੱਚੇ ਸੁੱਚੇ ਗੁਰਮਤਿ ਜੀਵਨ ਨੂੰ ਅਪਨਾਉਣਾ।

੩. ਸਿੱਖ ਧਰਮ, ਗੁਰਮਤਿ ਅਤੇ ਗੁਰਮਤਿ ਰਹਿਤ-ਰਹਿਣੀ ਨਾਲ ਪਿਆਰ ਉਪਜਾਉਣ ਲਈ ਜਤਨ।

੪. ਸਿੱਖ ਇਤਿਹਾਸਕ ਘਟਨਾਵਾਂ ਨੂੰ ਪੇਸ਼ ਕਰਦੇ ਰਹਿਣਾ।

੫. ਨੌਜੁਆਨਾਂ ਨੂੰ ਕੁਸੰਗਤ ਤੋਂ ਬਚਣ ਤੇ ਸ਼ੁਭ ਗੁਣਾਂ ਨੂੰ ਗ੍ਰਹਿਣ ਕਰਨ ਦੀ ਪ੍ਰੇਰਨਾ।

੬. ਭੈੜੀਆਂ ਵਾਦੀਆਂ ਅਤੇ ਨਸ਼ਿਆਂ ਆਦਿ ਤੋਂ ਰੋਕਣ ਲਈ ਜਤਨ।

੭. ਕੇਸ ਦਾੜ੍ਹੀ ਨੂੰ ਸੁਰਜੀਤ ਰੱਖਣ ਲਈ ਪ੍ਰਭਾਵਸ਼ਾਲੀ ਵਿਚਾਰਾਂ ਦਾ ਪ੍ਰਚਾਰ।

੮. ਸਾਦਾ ਜੀਵਨ ਤੇ ਸਾਦਾ ਲਿਬਾਸ ਆਦਿ ਰੱਖਣ ਲਈ ਪ੍ਰੇਰਨਾ।

੯. ਸੇਵਾ ਤੇ ਸਿਮਰਨ ਅਪਨਾਉਣ ਲਈ ਪ੍ਰੇਰਨਾ।

੧੦. ਦੰਭੀਆਂ-ਪਖੰਡੀਆਂ ਤੇ ਪਰਚੰਡੀਆਂ ਦੇ ਪਾਜ ਨੂੰ ਉਘੇੜਨਾ।